# ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ ਨਟ ਕਬੀਲੇ ਦੇ ਨਾਲ ਸੰਬੰਧਿਤ ਰੀਤੀ-ਰਿਵਾਜਾਂ ਦਾ ਸਮਾਜ ਵਿਗਿਆਨਕ ਆਧਿਐਨ

ਡਾ. ਨਮਰਤਾ ਵਡੇਰਾ,ਅਸਿਸਟੈਂਟ ਪ੍ਰੋਫ਼ੈਸਰ, ਸਮਾਜ ਵਿਗਿਆਨ ਅਤੇ ਸਮਾਜਕ ਮਾਨਵ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੂਰਨ ਸਿੰਘ, ਰਿਸਰਚ ਸਕਾਲਰ, ਸਮਾਜ ਵਿਗਿਆਨ ਅਤੇ ਸਮਾਜਕ ਮਾਨਵ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਾਰਾਂਸ਼ (Abstract)**

ਇਸ ਖੋਜ ਅਧਿਐਨ ਵਿੱਚ ਅਸੀ ਪੰਜਾਬੀ ਸਮਾਜ ਦੇ ਨਟ ਕਬੀਲੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ ਕਰਾਗੇ। ਨਟ ਕਬੀਲੇ ਭਾਰਤ ਵਿੱਚ ਵੱਖ-ਵੱਖ ਰਾਜਾਂ ਵਿੱਚ ਪਾਇਆ ਜਾਦਾਂ ਹੈ। ਇਸ ਵਿਗਿਆਨਕ ਅਧਿਐਨ ਦਾ ਮੁੱਖ ਉਦੇਸ਼ ਇਹ ਹੈ ਕਿ ਆਧੁਨਿਕ ਪੰਜਾਬ ਵਿੱਚ ਨਟ ਕਬੀਲੇ ਦੇ ਵੱਖ-ਵੱਖ ਪਹਿਲੂਆਂ ਉੱਤੇ ਰੋਸ਼ਨੀ ਪਾਈ ਜਾਵੇ। ਜਿਹੜੇ ਲੋਕ ਇਨ੍ਹਾਂ ਕਬੀਲਿਆਂ ਬਾਰੇ ਬਿਲਕੁਲ ਨਹੀ ਜਾਣਦੇ। ਉਹਨਾਂ ਲਈ ਇਹ ਜਾਣਕਾਰੀ ਬੜੀ ਅਹਿਮੀਅਤ ਰੱਖਦੀ ਹੈ। ਇਸ ਖੋਜ ਅਧਿਐਨ ਵਿੱਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆ ਵਿੱਚ ਨਟ ਕਬੀਲੇ ਕਿੱਥੇ-ਕਿੱਥੇ ਪਾਏ ਜਾਂਦੇ ਹਨ ਅਤੇ ਇਹ ਨਟ ਕਬੀਲੇ ਕਿਹੜੀਆਂ- ਕਿਹੜੀਆਂ ਥਾਵਾਂ ਤੋਂ ਪੰਜਾਬ ਵਿੱਚ ਆਏ ਹਨ ਅਤੇ ਇਹ ਕਿਸ ਧਰਮ, ਦੇਵੀ-ਦੇਵਤੇ ਦੀ ਪੂਜਾ ਕਰਦੇ ਹਨ ਆਦਿ ਸਭ ਕੁਝ ਜਾਣਨ ਦੀ ਕੋਸ਼ਿਸ ਕਰਾਗੇ। ਇਸ ਖੋਜ ਅਧਿਐਨ ਦਾ ਮੁੱਖ ਉਦੇਸ਼ ਇਹ ਸੀ ਕਿ ਨਟ ਕਬੀਲੇ ਦੇ ਲੋਕ ਕਿਹੜੇ-ਕਿਹੜੇ ਰੀਤੀ-ਰਿਵਾਜ ਕਰਦੇ ਹਨ। ਨਟ ਕਬੀਲੇ ਦੇ ਲੋਕ ਜਨਮ ਸਬੰਧੀ ਰੀਤੀ-ਰਿਵਾਜ, ਵਿਆਹ ਸਬੰਧੀ ਰੀਤੀ ਰਿਵਾਜ ਅਤੇ ਮੌਤ ਸਬੰਧੀ ਰੀਤੀ ਰਿਵਾਜ ਬਾਰੇ ਜਾਣਨ ਦੀ ਕੋਸ਼ਿਸ ਕੀਤੀ ਹੈ ਅਤੇ ਇਸ ਅਧਿਐਨ ਵਿੱਚ ਆਧੁਨਿਕ ਯੁੱਗ ਵਿੱਚ ਨਟ ਕਬੀਲੇ ਦੇ ਰੀਤੀ ਰਿਵਾਜ ਵਿੱਚ ਕੀ-ਕੀ ਪਰਿਵਰਤਨ ਆ ਰਹੇ ਹਨ। ਉਹਨਾ ਬਾਰੇ ਜਾਣਨ ਦੀ ਕੋਸ਼ਿਸ ਕੀਤੀ ਹੈ ਅਤੇ ਇਹਨਾਂ ਨਟ ਕਬੀਲੇ ਦੇ ਲੋਕ ਦਾ ਆਪਣਾ ਪ੍ਰੰਪਰਾਗਤ ਕਿੱਤਾ ਕਿਹੜੇ ਹਨ ਜਾਂ ਕੋਈ ਹੋਰ ਵੱਖ-ਵੱਖ ਕਿੱਤਾ ਅਪਣਾ ਲੱਗੇ ਹਨ। ਇਹਨਾਂ ਬਾਰੇ ਵੀ ਜਾਣਨ ਦੀ ਕੋਸ਼ਿਸ ਕੀਤੀ ਹੈ।

**Keywords:** ਨਟ, ਰੀਤੀ-ਰਿਵਾਜ, ਕਬੀਲਾ, ਰਸਮਾਂ, ਕਲਾਬਾਜੀ ।

**ਜਾਣ-ਪਛਾਣ**

ਸੰਸਾਰ ਭਰ ਵਿੱਚ ਵੱਖ-ਵੱਖ ਕਬੀਲੇ ਪਾਏ ਜਾਂਦੇ ਹਨ। ਸੰਸਾਰ ਭਰ ਦੇ ਦੇਸ਼ਾਂ ਵਿੱਚ ਸ਼ਾਇਦ ਹੀ ਕੋਈ ਦੇਸ਼ ਅਜਿਹਾ ਹੋਵੇ ਜਿੱਥੇ ਕਬੀਲਿਆਂ ਦੀ ਥੋੜੀ ਬਹੁਤੀ ਜਨਸੰਖਿਆ ਨਾ ਹੋਵੇ। ਪੁਰਾਤਨ ਸਮੇਂ ਤੋਂ ਹੀ ਭਾਰਤ ਵਿੱਚ ਕਬੀਲੇ ਪਾਏ ਜਾਂਦੇ ਹਨ। ਭਾਰਤ ਵਿੱਚ ਕਈ ਹਮਲਾਵਰ ਕੌਮਾਂ ਅਤੇ ਕਬੀਲੇ ਬਾਹਰੋਂ ਆ ਕੇ ਇੱਥੇ ਵਸੇ ਹੋਏ ਹਨ। ਭਾਰਤ ਦੇ ਸਾਰੇ ਕਬੀਲੇ ਜੰਗਲੀ ਮੂਲ ਦੇ ਹਨ। ਭਾਰਤ ਅਤੇ ਦੁਨੀਆਂ ਭਰ ਦੇ ਸਾਰੇ ਕਬੀਲੇ ਆਦਿ ਕਾਲ ਤੋਂ ਹੀ ਵੱਖ-ਵੱਖ ਸਮੂਹਾਂ ਅਤੇ ਟੋਲੀਆਂ ਦੇ ਰੂਪ ਵਿੱਚ ਧਰਤੀ ਤੇ ਘੁੰਮ ਫਿਰ ਕੇ ਗੁਜ਼ਾਰਾ ਕਰ ਰਹੇ ਸਨ। ਉਜਾੜਾ ਅਤੇ ਰੋਹੀਆਂ ਨਾਲੋ ਜੰਗਲ ਇਨ੍ਹਾਂ ਦਾ ਮਨਭਾਉਂਦਾ ਨਿਵਾਸ ਸਥਾਨ ਸੀ ਕਿਉਂਕਿ ਜੰਗਲ ਇਹਨਾਂ ਦੇ ਰਹਿਣ ਸ਼ਹਿਣ, ਖਾਣ ਪੀਣ ਦੀਆਂ ਜ਼ਰੂਰਤਾ ਪੂਰੀਆਂ ਕਰਦਾ ਸੀ।(ਤਿਆਗੀ, 2014)

ਇਸੇ ਤਰ੍ਹਾਂ ਪੰਜਾਬ ਵਿੱਚ ਵੀ ਵੱਖ-ਵੱਖ ਖੇਤਰਾਂ ਵਿੱਚ ਕਬੀਲੇ ਪਾਏ ਜਾਂਦੇ ਹਨ। ਪਰ ਪੰਜਾਬ ਸਰਕਾਰ ਦੁਆਰਾ ਇਹ ਮਾਨਤਾ ਨਹੀਂ ਦਿੱਤੀ ਗਈ ਕਿ ਪੰਜਾਬ ਵਿੱਚ ਕੋਈ ਕਬੀਲਾ ਹੈ। 1950 ਈ: ਵਿੱਚ ਇਹਨਾਂ ਨੂੰ ਅਨੁਸੂਚਿਤ ਜਾਤ ਵਿੱਚ ਸ਼ਾਮਿਲ ਕੀਤਾ ਗਿਆਂ ਹੈ। ਇਹਨਾਂ ਕਬੀਲਿਆਂ ਵਿਚੋਂ ਬਹੁਤੇ ਸਮੂਹ ਅਜਿਹੇ ਹਨ ਜਿਹੜੇ ਕਿ ਇਕ ਥਾਂ ਤੋਂ ਦੂਜੀ ਥਾਂ ਹਰੀਆਂ ਚਰਾਗਾਹਾਂ ਅਤੇ ਭੋਜਨ ਪਾਣੀ ਦੀ ਭਾਲ ਵਿੱਚ ਘੁੰਮਦੇ ਫਿਰਦੇ ਰਹਿੰਦੇ ਹਨ ਜਦੋਂ ਕਬੀਲੇ ਵੱਖ-ਵੱਖ ਪੇਸ਼ਿਆਂ ਅਤੇ ਕਲਾ ਰੂਪਾਂ ਵਿੱਚ ਤਬਦੀਲ ਹੋ ਜਾਂਦੇ ਹਨ। ਇਹ ਕਬੀਲੇ ਆਪਣੇ ਜਨਮ ਜਾਤ ਹੁਨਰ ਨੂੰ ਕਿੱਤੇ ਵਜੋਂ ਆਪਣਾ ਕੇ ਆਪਣੀ ਸ਼ਨਾਖ਼ਤ ਉਸ ਕਲਾ ਰੂਪ ਰਾਹੀ ਹੀ ਕਰਨ ਲੱਗ ਪੈਂਦੇ ਹਨ। ਇਸ ਸੰਬੰਧ ਵਿੱਚ ਬਾਜ਼ੀਗਰ, ਬੌਰੀਆ, ਸਾਂਸੀ, ਗੰਧੀਲੇ, ਸਿਰਕੀਬੰਧ, ਗੁਜਰ, ਮਹਾਤਮ, ਮਰਾਸੀ, ਨਟ, ਸਿਕਲੀਗਰ, ਗਾਡੀ ਲੌਹਾਰ ਅਤੇ ਬੰਗਾਲਾ ਆਦਿ ਸ਼ਬਦ ਇਸੇ ਹੀ ਕਿੱਤਾਗਤ ਸੰਕਲਪ ਵਿੱਚੋਂ ਪੈਦਾ ਹੁੰਦੇ ਹਨ।ਪੰਜਾਬ ਦੇ ਕਬੀਲੇ ਆਪਣੀ ਪਛਾਣ ਵੱਖ-ਵੱਖ ਇਤਿਹਾਸਕ ਪਿਛੋਕੜ, ਰੀਤੀ ਰਿਵਾਜ, ਸੱਭਿਆਚਾਰ, ਧਰਮ ਆਦਿ ਨਾਲ ਜੋੜਦੇ ਹਨ। ਇਹਨਾਂ ਕਬੀਲਿਆਂ ਵਿੱਚ ਹਰੇਕ ਪੱਖ ਤੋਂ ਵੱਖਰੇਵਾਂ ਨਜ਼ਰ ਆਉਂਦਾ ਹੈ। ਹੁਣ ਅਸੀ ਕਬੀਲੇ ਦੀ ਪਰਿਭਾਸਾ ਅਤੇ ਲੱਛਣ ਬਾਰੇ ਚਰਚਾ ਕਰਾਂਗੇ। (ਤਿਆਗੀ, 2014)

**ਕਬੀਲਾ ਦੀ ਪਰਿਭਾਸਾ**

ਡੀ. ਐਨ. ਮਜੂਮਦਾਰ ਅਨੁਸਾਰ, ਕਬੀਲਾ ਪਰਿਵਾਰਾਂ ਜਾਂ ਪਰਿਵਾਰ ਦੇ ਸਮੂਹ ਦਾ ਉਹ ਇਕੱਠ ਹੈ, ਜਿਸ ਦਾ ਕੋਈ ਸਾਂਝਾ ਨਾਂ ਹੁੰਦਾ ਹੈ। ਜਿਸ ਦੇ ਮੈਂਬਰ ਇਕ ਸਾਂਝੇ ਇਲਾਕੇ ਵਿਚ ਵੱਸਦੇ ਹਨ ਅਤੇ ਸਾਂਝੀ ਉਪ-ਭਾਸ਼ਾ ਬੋਲਦੇ ਹਨ। ਵਿਆਹ ਅਤੇ ਵਿਵਸਾਇ ਸੰਬੰਧੀ ਕੁਝ ਕੁ ਮਨਾਹੀਆਂ ਦਾ ਪਾਲਣ ਕਰਦੇ ਹਨ। ਇਨ੍ਹਾਂ ਨੇ ਆਪਸਦਾਰੀ ਅਤੇ ਜ਼ਿੰਮੇਦਾਰੀ ਦੀ ਪ੍ਰਸਪਰਤਾ ਲਈ ਇਕ ਯੋਗ ਨਿਰਧਾਰਿਤ ਪ੍ਰਣਾਲੀ ਨਿਸ਼ਚਿਤ ਕੀਤੀ ਹੁੰਦੀ ਹੈ। ਸਾਧਾਰਨ ਤੌਰ ਤੇ ਇਕ ਕਬੀਲਾ ਸੁਜਾਤੀ ਵਿਵਾਹਕ ਇਕਾਈ ਹੁੰਦਾ ਹੈ। ਜਿਸ ਦੇ ਮੈਂਬਰ ਕਬੀਲੇ ਅੰਦਰ ਹੀ ਵਿਆਹ ਕਰਦੇ ਹਨ। ਇਕ ਕਬੀਲੇ ਵਿਚ ਕਈ ਗੋਤਾਂ ਅਤੇ ਉਨ੍ਹਾਂ ਵਿਚ ਸਾਕਾਦਾਰੀ ਸੰਬੰਧ ਹੁੰਦੇ ਹਨ। ਜੋ ਟੋਟਮੀ ਵੰਡ, ਇਲਾਕਾਈ ਲਗਾਵ ਜਾਂ ਸਾਂਝ ਜਾਂ ਫਿਰ ਸਾਂਝੇ ਨਿਵਾਸ ਸਥਾਨ ਤੇ ਅਧਾਰਿਤ ਹੁੰਦੇ ਹਨ। (ਮਜੂਮਦਾਰ 1975)

**ਨਟ ਕਬੀਲੇ ਬਾਰੇ ਜਾਣਕਾਰੀ**

ਭਾਈ ਕਾਨ੍ਹ ਸਿੰਘ ਨਾਭਾ ਗੁਰਸ਼ਬਦ ਰਤਨਾਕਾਰ ਮਹਾਨ ਕੋਸ਼ ਵਿੱਚ ਨਟ ਕਬੀਲੇ ਦੀ ਪਰਿਭਾਸ਼ਾ ਦਿੱਤੀ ਗਈ ਹੈ। ਜਿਸ ਵਿੱਚ ਨਟ ਲੋਕ ਨੱਚਣ, ਦਿਖਾਉਣ, ਕੰਬਣ, ਸੰਗਯਾ-ਨਾਟਕ ਖੇਡਣ ਵਾਲਾ ਅਤੇ ਦ੍ਰਿਸ਼ਯਕਾਵਯ ਦਿਖਾਉਣ ਵਾਲੇ ਤੇ ਕਰਦੇ ਹਨ। (ਨਾਭਾ 2003)

ਸਟੂਡੈਂਟ ਨੈਸ਼ਨਲ ਪੰਜਾਬੀ ਕੋਸ਼ ਵਿੱਚ ਨਟ ਕਬੀਲੇ ਦੀ ਪਰਿਭਾਸ਼ਾ ਦਿੱਤੀ ਗਈ ਹੈ। ਜਿਸ ਵਿੱਚ ਲੋਕ ਬਾਜ਼ੀਗਰ, ਤਮਾਸ਼ਾ ਦਿਖਾਉਣ ਵਾਲੀ ਜਾਤ, ਨਕਲੀਆਂ ਦਿਖਾਉਣ ਵਾਲੇ ਤੋਂ ਕਰਦੇ ਹਨ। (ਪੰਜਾਬੀ ਕੋਸ਼ 2004)

ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਵਿੱਚ ਨਟ ਪਰਿਭਾਸ਼ਾ ਦਿੱਤੀ ਗਈ ਹੈ। ਜਿਸ ਵਿੱਚ ਨਟ ਇਕ ਖਾਨਾਬਦੋਸ਼ ਜਾਤੀ ਹੈ। ਨਟ ਦੇ ਸ਼ਾਬਦਿਕ ਅਰਥ ਹਨ ਨੱਚਣ ਵਾਲਾ। ਇਹ ਲੋਕ ਆਪਣੇ ਪਰਿਵਾਰ ਸਮੇਤ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਹਨ। ਇਹ ਕਲਾਬਾਜ਼ੀ ਸਬੰਧੀ ਚਮਤਕਾਰ ਦਿਖਾਉਂਣ ਤੇ, ਮਦਾਰੀ ਵਾਲੇ ਤਮਾਸ਼ੇ ਦਿਖਾਉਂਣ ਤੋਂ ਇਲਾਵਾਂ ਸਿਰਕੀ, ਘਾਹ ਤੇ ਤੀਲੀਆਂ ਦੀਆਂ ਬਣੀਆਂ ਚੀਜ਼ਾਂ ਵਸਤੂਆਂ ਬਣਾ ਕੇ ਵੇਚਦੇ ਹਨ। ਨਟ ਆਪਣੀ ਕਲਾਬਾਜ਼ੀ ਜਾਂ ਤਮਾਸ਼ੇ ਦਿਖਾਉਣ ਲੱਗਿਆਂ ਢੋਲਕੀ ਦੀ ਵਰਤੋਂ ਕਰਦੇ ਹਨ। ਨਟ ਅਣਵੰਡੇ ਪੰਜਾਬ ਵਿਚ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿਲਦੇ ਹਨ ਪਰ ਦੇਸ਼ ਦੀ ਵੰਡ ਪਿੱਛੋਂ ਕੇਵਲ ਹਿੰਦੂ ਨਟ ਹੀ ਪੰਜਾਬ ਵਿਚ ਰਹਿ ਗਏ ਹਨ। ਇਹ ਵਿਆਹ ਫੇਰਿਆਂ ਦੁਆਰਾ ਕਰਦੇ ਹਨ। ਇਹ ਮ੍ਰਿਤਕ ਦੇਹ ਦਾ ਸੰਸਕਾਰ ਹਿੰਦੂ ਰੀਤੀ ਨਾਲ ਕਰਦੇ ਹਨ। ਹਿੰਦੂ ਨਟ ਮਾਤਾ ਦੇਵੀ ਦੇ ਪੁਜਾਰੀ ਹਨ। ਕੁੱਝ ਨਟ ਗੁਰੂ ਤੇਗ ਬਹਾਦਰ ਨੂੰ ਮੰਨਦੇ ਹਨ ਅਤੇ ਕੁਝ ਹੰਨੂਮਾਨ ਦੇ ਪੁਜਾਰੀ ਵੀ ਹਨ। ਨਟ ਕੁੱਤੇ ਵੀ ਪਾਲਦੇ ਹਨ ਅਤੇ ਕੁੱਤਿਆਂ ਨਾਲ ਇਹ ਜ਼ੰਗਲ ਵਿੱਚੋਂ ਕਈ ਨਿੱਕੇ ਨਿੱਕੇ ਪਸ਼ੂਆਂ ਦਾ ਸ਼ਿਕਾਰ ਕਰਦੇ ਹਨ। ਨਟ ਸਾਰੇ ਪੰਜਾਬ ਵਿੱਚ ਮਿਲਦੇ ਹਨ। ਪਰ ਇਹ ਆਪਣਾ ਮੁੱਢ ਮਾਰਵਾੜ ਤੋਂ ਦੱਸਦੇ ਹਨ। ਇਹ ਕਈ ਕਬੀਲਿਆਂ ਵਿਚ ਵੰਡੇ ਹੁੰਦੇ ਹਨ। ਹਰੇਕ ਕਬੀਲੇ ਦਾ ਇਕ ਵਡਿਕਾ ਹੁੰਦਾ ਹੈ। ਜਿਸ ਦੇ ਆਦੇਸ਼ ਦੀ ਇਹ ਪਾਲਣਾ ਕਰਦੇ ਹਨ। (ਪੰਜਾਬੀ ਲੋਕਧਾਰਾ ਵਿਸਵਕੋਸ਼ 2010)

K.S. Singh ਇੰਡੀਅਨ ਕਮਿਊਨਟੀ ਕਿਤਾਬ ਵਿਚ ਦੱਸਦਾ ਹੈ ਕਿ ਨਟ ਲੋਕ ਵੱਖ-ਵੱਖ ਭਾਸ਼ਾ ਬੋਲਦੇ ਹਨ ਜਿਵੇਂ ਕਿ ਗੁਜਰਾਤੀ, ਬਾਂਗੜੀ, ਹਿੰਦੀ ਅਤੇ ਪੰਜਾਬੀ ਦੇ ਸ਼ਬਦਾ ਦੀ ਵੀ ਵਰਤੋਂ ਕਰਦੇ ਹਨ। ਇਹ ਹਿੰਦੂ ਧਰਮ ਨੂੰ ਮੰਨਣ ਵਾਲੀ ਜਾਤੀ ਹੈ ਇਹ ਗੈਰ ਸਾਕਾਹਾਰੀ ਭੋਜਨ ਦਾ ਇਸਤਮਾਲ ਕਰਦੇ ਹਨ। ਉਹ ਚਾਵਲ, ਰੋਟੀ ਵਿੱਚ ਕਣਕ ਅਤੇ ਬਾਜਰੇ ਦੀ ਰੋਟੀ ਦਾ ਸੇਵਨ ਕਰਦੇ ਹਨ। ਇਹਨਾਂ ਵਿੱਚ ਸਿੱਖਿਆਂ ਦਾ ਪੱਧਰ ਬਹੁਤ ਨੀਵਾਂ ਹੈ। ਨਟ ਔਰਤਾਂ ਪਰਿਵਾਰਕ ਆਮਦਨ ਵਿੱਚ ਆਰਥਿਕ ਯੋਗਦਾਨ ਪਾਉਦੀਆਂ ਹਨ

ਬੀਰਿੰਦਰਪਾਲ ਸਿੰਘ ਦੁਆਰਾ ਲਿਖੀ ਕਿਤਾਬ 'ਕਰੀਮੀਨਲ ਟਰਾਈਬਜ਼ ਆਫ਼ ਪੰਜਾਬ` ਵਿੱਚ ਡਾ. ਦੀਪਕ ਕੁਮਾਰ ਦੁਆਰਾ ਨਟ ਕਬੀਲੇ ਬਾਰੇ ਦੱਸਿਆਂ ਗਿਆਂ ਹੈ ਕਿ ਨਟ ਸ਼ਬਦ ਸੰਸਕ੍ਰਿਤੀ ਸ਼ਬਦ ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਨੱਚਣਾ ਹੈ। ਇਹ ਲੋਕ ਰੱਸੀ ਤੇ ਕਲਾਬਾਜ਼ੀਆਂ ਦਿਖਾਉਦੇ ਹਨ। ਇਹ ਆਪਣਾ ਵੰਸ਼ ਅਮਰ ਸਿੰਘ ਰਾਠੌਰ ਨਾਲ ਜੋੜਦੇ ਹਨ ਅਤੇ ਇਹ ਆਪਣੇ ਆਪ ਨੂੰ ਗੁਜਰਾਤ ਦੇ ਗੋਰ ਨਾਲ ਸੰਬੰਧਿਤ ਦੱਸਦੇ ਹਨ। ਇਹ ਲੋਕ ਵੱਖ-ਵੱਖ ਜਿਲ੍ਹੇ ਜਿਵੇਂ ਅੰਮ੍ਰਿਤਸਰ, ਫਿਰੋਜ਼ਪੁਰ, ਸੰਗਰੂਰ, ਲੁਧਿਆਣਾ ਅਤੇ ਜਲੰਧਰ ਆਦਿ ਵਿੱਚ ਫੈਲੇ ਹੋਏ ਹਨ। ਇਹ ਲੋਕ ਆਪਣਾ ਪਿਛੋਕੜ ਗੁਜ਼ਰਾਤ, ਸਹਾਰਨਪੁਰ, ਉੱਤਰ ਪ੍ਰਦੇਸ਼ ਤੋਂ ਮੰਨਦੇ ਹਨ। ਪਰਿਵਾਰ ਵਿੱਚ ਵੱਡਾ ਵਿਅਕਤੀ ਘਰ ਦਾ ਮੁਖੀ ਹੁੰਦਾ ਹੈ ਅਤੇ ਉਸਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਲੜਕੇ ਦੇ ਜਨਮ ਸਮੇਂ ਢੋਲ ਵਜਾਂ ਕੇ ਅਤੇ ਲੜਕੀ ਦੇ ਜਨਮ ਸਮੇਂ ਥਾਲ਼ੀ ਵਜਾਂ ਕੇ ਨੂੰ ਸੂਚਿਤ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਗੁਜਰਾਤੀ ਫੇਰੇ ਨਾਲ ਵਿਆਹ ਹੁੰਦੇ ਹਨ। ਇਨ੍ਹਾਂ ਦੇ ਰਸਮ ਰਿਵਾਜ ਹਿੰਦੂ ਪ੍ਰੰਪਰਾਵਾਂ ਦੇ ਅਨੁਸਾਰ ਹਨ। ਇਸ ਸਮੁਦਾਇ ਵਿੱਚ ਮ੍ਰਿਤਕ ਦਾ ਸੰਸਕਾਰ ਕੀਤਾ ਜਾਂਦਾ ਹੈ। 30 ਸਾਲ ਪਹਿਲਾ ਮ੍ਰਿਤਕ ਨੂੰ ਦਫਨਾਇਆਂ ਜਾਂਦਾ ਸੀ। ਇਨ੍ਹਾਂ ਕੋਲ ਆਪਣੀ ਕੋਈ ਜ਼ਮੀਨ ਨਹੀਂ ਹੈ। ਇਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਰੋਜ਼ੀ ਰੋਟੀ ਕਮਾਉਂਦੇ ਹਨ। ਬਹੁਤ ਸਾਰੇ ਨਟ ਲੋਕ ਵਿਆਹਾਂ ਤੇ ਬੈਂਡ ਵਾਜੇ ਬਜਾਉਣ ਲੱਗ ਪਏ ਹਨ। ਇਹ ਲੋਕ ਆਪਣੀ ਹੀ ਜਾਤ ਵਿੱਚ ਵਿਆਹ ਕਰਦੇ ਹਨ। ਇਨ੍ਹਾਂ ਦੇ ਸਮੁਦਾਇ ਦਾ ਇੱਕ ਪ੍ਰਧਾਨ ਹੁੰਦਾ ਹੈ ਅਤੇ ਜੋ ਛੋਟੇ-ਮੋਟੇ ਝਗੜਿਆਂ ਦਾ ਨਿਪਟਾਰਾ ਕਰਦਾ ਹੈ। ਇਹ ਰਾਜਪੂਤ ਗੋਤਾਂ ਦੀ ਬਹੁਤ ਇੱਜ਼ਤ ਕਰਦੇ ਹਨ। ਇਹ ਆਪਣੇ 'ਬਾਬਾ ਮੋਤੀ ਰਾਮ' ਦੀ ਪੂਜਾ ਕਰਦੇ ਹਨ। ਜਿਸ ਦਾ ਮੰਦਿਰ ਲਾਹੌਰ ਵਿੱਚ ਬਣੀਆਂ ਹੋਈਆਂ ਹੈ ਅਤੇ ਹਰ ਸਾਲ ਸਹਾਰਨਪੁਰ ਵਿੱਚ ਮੇਲਾ ਲੱਗਦਾ ਹੈ। ਇਹ ਲੋਕ ਬਾਹਰਲੇ ਵਿਅਕਤੀਆਂ ਨਾਲ ਰਸਮੀ ਤੌਰ ਗੱਲਬਾਤ ਕਰਦੇ ਹਨ। ਇਨ੍ਹਾਂ ਦਾ ਸਿੱਖਿਆਂ ਪੱਧਰ ਬਹੁਤ ਨੀਵਾਂ ਹੈ। ਇਨ੍ਹਾਂ ਲੋਕਾਂ ਨੂੰ ਅੱਜ ਤੱਕ ਕੋਈ ਸਰਕਾਰੀ ਨੌਂਕਰੀ ਨਹੀਂ ਮਿਲੀ। ਇਨ੍ਹਾਂ ਲੋਕਾਂ ਨੂੰ ਕੋਈ ਸਰਕਾਰੀ ਸਕਿਮਾਂ ਦਾ ਲਾਭ ਨਹੀਂ ਮਿਲ ਰਿਹਾ ਅਤੇ ਇਨ੍ਹਾਂ ਦੇ ਕੋਈ ਵੀ ਨੀਲੇ ਕਾਡ ਨਹੀਂ ਬਣੇ ਹੋਏ ਹਨ। ਨਟ ਕਬੀਲੇ ਦੀ ਹਾਲਤ ਬਹੁਤ ਖਰਾਬ ਹੈ। (Kumar 2010)

## ਨਟ ਕਬੀਲੇ ਦਾ ਇਤਿਹਾਸਕ ਪਿਛੋਕੜ ਜਾਂ ਉਤਪਤੀ

ਨਟਾ ਦੇ ਇਤਿਹਾਸਕ ਪਿਛੋਕੜ ਬਾਰੇ ਵੱਖ-ਵੱਖ ਧਾਰਨਾਵਾਂ ਪਾਈਆਂ ਜਾਂਦੀਆਂ ਹਨ। ਇਹ ਲੋਕ ਰਾਜਪੂਤ ਘਰਾਣਿਆਂ ਵਿਚੋਂ ਆਪਣੇ ਆਪ ਨੂੰ ਮੰਨਦੇ ਹਨ। ਪੰਜਾਬ ਦੇ ਨਟ ਆਪਣਾ ਪਿਛੋਕੜ ਰਾਜਸਥਾਨ, ਗੁਜ਼ਰਾਤ ਅਤੇ ਉੱਤਰ ਪ੍ਰਦੇਸ਼ ਦੇ ਇਲਾਕਿਆਂ ਨਾਲ ਜੋੜਦੇ ਹਨ। ਇਹ ਲੋਕ ਆਪਣਾ ਮੂਲ ਪ੍ਰਸਿੱਧ ਰਾਜਪੂਤ ਯੋਧੇ ਅਮਰ ਸਿੰਘ ਰਾਠੋਰ ਨਾਲ ਜੋੜਦੇ ਹਨ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਗੁਜਰਾਤ ਦੇ ਮੂਲ ਬਾਸਿੰਦੇ ਮੰਨਦੇ ਹਨ ਨਟ ਦੇ ਮੁੱਢ ਬਾਰੇ ਨਿਰਣੇ ਨਾਲ ਕੁੱਝ ਨਹੀਂ ਕਿਹਾ ਜਾਂ ਸਕਦਾ। ਅੰਮ੍ਰਿਤਸਰ ਵਿਚ ਪ੍ਰਚਲੱਤ ਰਵਾਇਤਾਂ ਅਨੁਸਾਰ ਨਟ ਮੂਲ ਵਿਚ, ਮਾਰਵਾੜ ਦੇ ਬ੍ਰਾਹਮਣ ਸਨ ਜਿਨ੍ਹਾਂ ਦਾ ਕਰਤੱਵ ਦਾਹ-ਸੰਸਕਾਰ ਸਮੇਂ ਲਕੜੀ ਦਾ ਪ੍ਰਬੰਧ ਕਰਨਾ ਸੀ। ਇਕ ਵਾਰ ਉਨ੍ਹਾਂ ਦੀ ਆਪਣੀ ਬਰਾਦਰੀ ਵਿਚ ਕੋਈ ਵਿਆਹ ਸੀ। ਜਿਸ ਵਿੱਚ ਉਨ੍ਹਾਂ ਸਾਰਿਆਂ ਨੇ ਰੁਝ ਜਾਣਾ ਸੀ। ਉਹ ਲਕੜੀਆਂ ਦਾ ਇਕ ਭਾਰ ਆਪਣੇ ਜਜ਼ਮਾਨਾਂ ਕੋਲ ਲੈ ਗਏ ਕਿ ਜੇ ਉਨ੍ਹਾਂ ਦਾ ਕੋਈ ਮਰ ਗਿਆ ਤਾਂ ਉਹ ਇਹ ਲਕੜੀਆਂ ਵਰਤ ਲੈਣ। ਉਨ੍ਹਾਂ ਦੇ ਜਜਮਾਨ ਇਸ ਗੱਲ ਨੂੰ ਬਦਸ਼ਗਨੀ ਸਮਝ ਕੇ ਕਰੋਧ ਵਿਚ ਆ ਗਏ ਅਤੇ ਉਨ੍ਹਾਂ ਨੂੰ ਪ੍ਰੋਹਤ ਦੇ ਕੰਮ ਤੋਂ ਛੁੱਟੀ ਦੇ ਦਿੱਤੀ ਤਾਂ ਨਟ ਇਕ ਫਕੀਰ ਕੋਲ ਸਹਾਇਤਾ ਵਜੋਂ ਗਏ। ਫਕੀਰ ਦੇ ਕੋਲ ਇਕ ਬਾਂਦਰ ਸੀ। ਉਸ ਨੇ ਇਨ੍ਹਾਂ ਨੂੰ ਕਲਾਬਾਜ਼ੀਆਂ ਸਿਖਾਈਆਂ। (ਪੰਜਾਬੀ ਲੋਕਧਾਰਾ ਵਿਸਵਕੋਸ਼ 2010)

ਨਟ ਸਮੁਦਾਇ ਦੇ ਲੋਕਾਂ ਨੂੰ ਅਨੁਸੂਚਿਤ ਜਾਤਾਂ ਵਿੱਚ ਸ਼ਾਮਿਲ ਕੀਤਾ ਗਿਆਂ ਹੈ। ਪੰਜਾਬ ਵਿੱਚ 2011 ਦੀ ਜਨਗਣਨਾ ਦੇ ਅਨੁਸਾਰ ਨਟ ਸਮੁਦਾਇ ਦੇ ਲੋਕਾਂ ਦੀ ਜਨਸੰਖਿਆ ਹੇਠ ਲਿਖੇ ਅਨੁਸਾਰ ਹੈ

**ਨਟ ਕਬੀਲੇ ਦੀ ਜਨਸੰਖਿਆ**

**(ਜਨਗਣਨਾ - 2011)**

| | **ਕੁੱਲ ਜਨਸੰਖਿਆ** | **ਮਰਦ** | **ਔਰਤਾਂ** |
|---|---|---|---|

| | | | |
|---|---|---|---|
| ਕੁਲ | 3902 | 2032 | 1870 |
| ਪੇਂਡੂ | 821 | 421 | 400 |
| ਸ਼ਹਿਰੀ | 3081 | 1611 | 1470 |

Census - 2011

### ਪਰਿਵਾਰ

ਨਟ ਸਮੁਦਾਇ ਵਿੱਚ ਪਰਿਵਾਰ ਦੀ ਵੱਡੀ ਉਮਰ ਦੀ ਔਰਤ ਦੀ ਬਹੁਤ ਇੱਜ਼ਤਮਾਨ ਹੁੰਦਾ ਹੈ ਅਤੇ ਉਸ ਦੀ ਵੀ ਹਰ ਕੰਮ ਵਿਚ ਸਲਾਹ ਲਈ ਜਾਂਦੀ ਹੈ। ਔਰਤ ਵੀ ਮਰਦਾਂ ਦੇ ਨਾਲ ਕਲਾਬਾਜ਼ੀ ਵਿੱਚ ਸਾਥ ਦਿੰਦੀਆਂ ਹਨ। ਪਰਿਵਾਰ ਦੀਆਂ ਔਰਤਾਂ ਲੜਕੀਆਂ ਨੂੰ ਕਲਾਬਾਜ਼ੀ ਲਈ ਟਰੇਨਿੰਗ ਦਿੰਦੀਆਂ ਹਨ। ਇਸ ਲਈ ਜ਼ਿਆਦਾਤਰ ਪਰਿਵਾਰ ਇੱਕਠੇ ਇਕ ਥਾਂ ਤੋਂ ਦੂਜੀ ਥਾਂ ਚੱਲਦੇ ਰਹਿੰਦੇ ਹਨ। ਨਟ ਸਮੁਦਾਇ ਦੇ ਪਰਿਵਾਰ ਵਿੱਚ ਭਾਬੀ ਅਤੇ ਦੇਵਰ, ਸਾਲੀ ਅਤੇ ਜੀਜਾ ਬਹੁਤ ਮਹੱਤਵਪੂਰਨ ਰਿਸ਼ਤੇਨਾਂਤੇ ਪਾਏ ਜਾਂਦੇ ਹਨ।

### ਭੂਗੋਲਿਕ ਵੱਖਰੇਵਾਂ (Geographical Isolation)

ਨਟ ਕਬੀਲੇ ਦੇ ਲੋਕ ਸਰਕਾਰੀ ਥਾਂਵਾਂ ਤੇ ਝੁੱਗੀਆਂ ਬਣਾ ਕੇ ਰਹਿੰਦੇ ਹਨ। ਜਿਸ ਵਿਚ ਰੇਲਵੇ ਲਾਇਨਾਂ ਦੇ ਨਾਲ, ਸ਼ਬਜੀਮੰਡੀ ਦੇ ਨਾਲ ਅਤੇ ਬੱਸ ਸਟੇਡ ਦੇ ਨਾਲ ਸਰਕਾਰੀ ਥਾਂ ਵਿੱਚ ਇਹਨਾਂ ਦੀਆਂ ਅਸਥਾਈ ਘਰ ਬਣੇ ਹੋਏ ਹਨ। ਇਹ ਲੋਕ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਹਨ। ਇਹ ਲੋਕ ਪੰਜਾਬੀ ਸਮੁਦਾਇ ਦੇ ਲੋਕਾ ਤੋਂ ਵੱਖ ਹਨ। ਇਹ ਹੋਰ ਸਮੁਦਾਇ ਨਾਲ ਸਮਾਜਿਕ ਸਬੰਧ ਨਹੀਂ ਰੱਖਦੇ। (Kumar 2008)

ਨਟ ਸਮੁਦਾਇ ਦੇ ਲੋਕਾਂ ਦੀ ਜਨਸੰਖਿਆ ਵੱਖ-ਵੱਖ ਜਿਲ੍ਹੀਆਂ ਵਿੱਚ 2011 ਦੀ ਜਨਸੰਖਿਆ ਦੇ ਅਨੁਸਾਰ ਹੇਠਾ ਦਰਸਾਈ ਗਈ ਹੈ।

**ਨਟ ਸਮੁਦਾਇ ਦੀ ਜਨਸੰਖਿਆ 2011**

| **ਜ਼ਿਲ੍ਹਾ** | **ਕੁਲ** | **ਮਰਦ** | **ਔਰਤਾਂ** |
|---|---|---|---|
| ਗੁਰਦਾਸਪੁਰ | 34 | 19 | 15 |
| ਕਪੂਰਥਲਾ | 22 | 10 | 12 |
| ਜਲੰਧਰ | 158 | 89 | 69 |
| ਹੁਸਿਆਰਪੁਰ | 117 | 62 | 55 |
| ਸ਼ਹੀਦ ਭਗਤ ਸਿੰਘ ਨਗਰ | 56 | 29 | 27 |
| ਫਤਿਹਗੜ੍ਹ ਸਾਹਿਬ | 72 | 32 | 40 |
| ਲੁਧਿਆਣਾ | 2124 | 1105 | 1019 |
| ਮੋਗਾ | 1 | 0 | 1 |
| ਫਿਰੋਜ਼ਪੁਰ | 104 | 55 | 49 |
| ਮੁਕਤਸਰ | 320 | 158 | 162 |
| ਫਰਿਦਕੋਟ | 81 | 37 | 44 |
| ਬਠਿੰਡਾ | 113 | 62 | 51 |
| ਮਾਨਸਾ | 6 | 4 | 2 |
| ਪਟਿਆਲਾ | 93 | 61 | 32 |
| ਅੰਮ੍ਰਿਤਸਰ | 276 | 141 | 135 |
| ਤਰਨਤਾਰਨ | 21 | 9 | 12 |
| ਰੂਪਨਗਰ | 42 | 20 | 22 |
| ਸ਼ਹਿਬਜਾਦਾ ਅਜੀਤ ਸਿੰਘ ਨਗਰ | 103 | 59 | 44 |
| ਸੰਗਰੂਰ | 138 | 73 | 65 |
| ਬਰਨਾਲਾ | 21 | 7 | 14 |

Census - 2011

### ਖੋਜ ਕਾਰਜ ਦਾ ਮਹੱਤਵ :-

ਪੰਜਾਬ ਦੇ ਟੱਪਰੀਵਾਸ ਕਬੀਲੇ ਖਾਸ ਕਰਕੇ ਨਟ ਸੰਬੰਧੀ ਖੋਜ ਅਧਿਐਨ ਵਿਚ ਬਹੁਤ ਕਮੀ ਹੈ। ਪੰਜਾਬ ਦੇ ਨਟ ਕਬੀਲੇ ਉੱਪਰ ਅਧਿਐਨ ਸੰਬੰਧੀ ਬਹੁਤ ਘੱਟ ਅਧਿਐਨ ਤੇ ਕਿਤਾਬਾਂ ਪ੍ਰਕਾਸ਼ਿਤ ਹਨ। ਇਸ ਲਈ ਇਹ ਅਧਿਐਨ ਪੰਜਾਬ ਦੇ ਲੁਧਿਆਣਾ ਸ਼ਹਿਰ ਦੇ ਨਟ ਕਬੀਲੇ ਦੇ ਰੀਤੀ ਰਿਵਾਜਾ ਨੂੰ ਦਰਸਾਉਣ ਦਾ ਉਚਿਤ ਉਪਰਾਲਾ ਹੈ। ਰੀਤੀ ਰਿਵਾਜ ਸਮਾਜਿਕ ਜੀਵਨ ਦਾ ਮਹੱਤਵਪੂਰਨ ਅੰਗ ਹੁੰਦੇ ਹਨ। ਇਹ ਪੀੜ੍ਹੀ ਦਰ ਪੀੜ੍ਹੀ ਚਲਦੇ ਆ ਰਹੇ ਹਨ। ਨਟ ਕਬੀਲੇ ਦੇ ਰੀਤੀ-ਰਿਵਾਜ ਹੋਰ ਸਮੁਦਾਇ ਤੋਂ ਵੱਖਰੇ ਹਨ। ਪਰ ਕੋਈ ਅਜਿਹਾ ਖਾਸ ਅਧਿਐਨ ਲੁਧਿਆਣਾ ਸ਼ਹਿਰ ਦੇ ਨਟ ਕਬੀਲੇ ਦੇ ਰੀਤੀ-ਰਿਵਾਜਾਂ ਬਾਰੇ ਨਹੀਂ ਕੀਤਾ ਗਿਆ ਹੈ। ਇਸ ਲਈ ਇਹ ਅਧਿਐਨ ਬਹੁਤ ਮਹੱਤਵਪੂਰਨ ਹੈ। ਪੰਜਾਬ ਵਿੱਚ ਰਹਿੰਦੇ ਨਟ ਇੱਕ ਕਬੀਲਾ ਹੈ। ਜੋਂ ਕਿ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਝੁੱਗੀਨੁਮਾ ਮਕਾਨ ਬਣਾ ਕੇ ਬੈਠ ਪਾਏ ਜਾਂਦੇ ਹਨ। ਪੰਜਾਬ ਵਿਚ ਹਜ਼ਾਰਾਂ ਲੋਕ ਆਜ਼ਾਦੀ ਦੇ ਬਹੁਤ ਸਾਲ ਬੀਤ ਜਾਣ ਤੋਂ ਬਾਅਦ ਵੀ ਸਰਕਾਰੀ ਸਹੂਲਤਾਂ ਤੋਂ ਵਾਂਝੇ ਹੋਣ ਕਾਰਨ ਮੰਦਹਾਲੀ ਵਿੱਚ ਆਪਣਾ ਜੀਵਨ

ਬਤੀਤ ਕਰ ਰਹੇ ਹਨ। ਨਟ ਕਬੀਲਾ ਵੀ ਇਨ੍ਹਾਂ ਵਿੱਚੋਂ ਇਕ ਹੈ। ਪੰਜਾਬ ਵਿੱਚ ਰਹਿੰਦੇ ਇਨ੍ਹਾਂ ਨੂੰ ਤਕਰੀਬਨ 40-50 ਸਾਲ ਹੋ ਗਏ ਪਰ ਅੱਜ ਇਨ੍ਹਾਂ ਵਕਤ ਦੇ ਮਾਰਿਆਂ ਦੀ ਕਿਸੇ ਨੇ ਸਾਰ ਨਹੀਂ ਲਈ। ਜਿਸ ਕਾਰਨ ਇਨ੍ਹਾ ਦੀ ਹਾਲਤ ਦਿਨੋ-ਦਿਨ ਖਰਾਬ ਹੁੰਦੀ ਜਾਂ ਰਹੀ ਹੈ। ਇਸੇ ਕਾਰਨ ਇਨ੍ਹਾਂ ਦੀ ਹੋਂਦ ਅੱਜ ਖਤਰੇ ਵਿੱਚ ਹੈ। ਇਸ ਅਧਿਐਨ ਦੇ ਦੁਆਰਾ ਖੋਜਾਰਥੀ ਕਬੀਲੇ ਦੀ ਹੋਂਦ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਇਸ ਦੇ ਨਾਲ ਇਨ੍ਹਾਂ ਦੇ ਰੀਤੀ-ਰਿਵਾਜਾਂ ਬਾਰੇ ਅਤੇ ਇਨ੍ਹਾਂ ਵਿੱਚ ਆ ਰਹੇ ਪਰਿਵਰਤਨ ਬਾਰੇ ਚਾਨਣਾ ਪਾਉਣਾ ਚਾਹੁੰਦਾ ਹਾਂ। ਇਸ ਅਧਿਐਨ ਦੁਆਰਾ ਖੋਜਾਰਥੀ ਨਟ ਕਬੀਲੇ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰਕੇ ਉਨ੍ਹਾਂ ਦੇ ਰੀਤੀ-ਰਿਵਾਜਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਕਬਾਇਲੀ ਖੇਤਰ ਵਿੱਚ ਰੁਚੀ ਰੱਖਣ ਵਾਲੇ ਖੋਜਾਰਥੀ, ਵਿਦਵਾਨ ਪਾਠਕ ਅਤੇ ਵਿਦਿਆਰਥੀ ਨੂੰ ਮੱਦਦ ਮਿਲੇਗੀ ਅਤੇ ਨਾਲ ਹੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਸ ਕਬੀਲੇ ਦੇ ਸੁਧਾਰ ਲਈ ਯੋਜਨਾਵਾਂ ਅਤੇ ਨੀਤੀਆਂ ਬਣਾਉਣ ਵਿੱਚ ਵੀ ਮੱਦਦ ਮਿਲੇਗੀ।

**ਸਾਹਿਤ ਸਰਵੇਖਣ**

ਤਿਆਗੀ (2013) ਦੇ ਅਨੁਸਾਰ ਨਟ ਕਬੀਲੇ ਦੇ ਰੀਤੀ-ਰਿਵਾਜਾਂ ਬਾਰੇ ਦੱਸਿਆ ਗਿਆ ਹੈ। ਸਭ ਤੋਂ ਪਹਿਲਾ ਜਨਮ ਦੀਆਂ ਰਸਮਾਂ ਵਿੱਚ ਗਰਭਵਤੀ ਔਰਤ ਨੂੰ ਕਲਾ ਕਰਤੱਬਾਂ ਤੋਂ ਦੂਰ ਰੱਖਿਆ ਜਾਂਦਾ ਹੈ। ਦਾਈ ਮਾਈ ਅਹਿਮ ਰੋਲ ਹੁੰਦਾ ਹੈ। ਬੱਚੇ ਦੇ ਜਨਮ ਹੋਣ ਤੋਂ ਬਾਅਦ ਸ਼ੱਕਰ ਜਾਂ ਗੁੜ ਵੰਡ ਕੇ ਖੁਸ਼ੀ ਮਨਾਈ ਜਾਂਦੀ ਹੈ। ਲੜਕਾ ਪੈਦਾ ਹੋਣ ਤੇ ਢੋਲ ਬਜਾਕੇ ਅਤੇ ਲੜਕੀ ਪੈਦਾ ਹੋਣ ਤੇ ਥਾਂਲੀ ਜਾਂ ਪਰਾਂਤ ਬਜਾਕੇ ਸਾਰੇ ਮੁਹੱਲੇ ਨੂੰ ਸੂਚਨਾ ਦਿੱਤੀ ਜਾਂਦੀ ਹੈ। ਘਰ ਦੇ ਅੱਗੇ ਨਿੰਬੂ ਅਤੇ ਹਰੇ ਪੱਤਿਆਂ ਵਾਲੀਆਂ ਟਾਹਿਣੀਆਂ ਟੰਗੀਆਂ ਜਾਂਦੀਆਂ ਹਨ। ਉਸ ਤੋਂ ਬਾਅਦ ਤਰਾਗੜੀ ਬੰਨਣ ਦੀ ਰਸਮ, ਬਾਹਰ ਵਧਾਉਣ ਦੀ ਰਸਮ, ਵਾਲ ਉਤਾਰਨ ਦੀ ਰਸਮ ਅਤੇ ਅੰਤ ਵਿੱਚ ਕਬੀਲਾ ਭੋਜਨ ਦੀ ਰਸਮ ਕੀਤੀ ਜਾਂਦੀ ਹੈ। ਵਿਆਹ ਦੀਆਂ ਰਸਮਾਂ ਵਿੱਚ ਸਭ ਤੋਂ ਪਹਿਲਾ ਦੇਖ-ਦਿਖਾਈ ਦੀ ਰਸਮ, ਮੰਗਣੀ ਦੀ ਰਸਮ, ਦਿਨ ਪੱਕਾ ਕਰਨ ਦੀ ਰਸਮ, ਸੁਰਮਾ ਪਾਉਣ ਦੀ ਰਸਮ, ਸਿਹਰਾਬੰਦੀ ਦੀ ਰਸਮ, ਘੋੜੀ ਚੜ੍ਹਨ ਦੀ ਰਸਮ, ਫੇਰਿਆਂ ਦੀ ਰਸਮ ਅਤੇ ਵਿਆਹ ਤੋਂ ਬਾਅਦ ਮਿੱਠੇ ਚਾਵਲ ਦੀ ਰਸਮ ਕੀਤੀ ਜਾਂਦੀ ਹੈ। ਮੌਤ ਦੀਆਂ ਰਸਮਾਂ ਵਿੱਚ ਸਭ ਤੋਂ ਪਹਿਲਾ ਮ੍ਰਿਤਕ ਦੇਹ ਨੂੰ ਧਰਤੀ ਤੇ ਪਾਇਆ ਜਾਂਦਾ ਹੈ। ਉਸ ਤੋਂ ਬਾਅਦ ਮ੍ਰਿਤਕ ਦੇਹ ਨੂੰ ਇਸ਼ਨਾਨ ਕਰਵਾਉਣ ਦੀ ਰਸਮ, ਸ਼ਿਵਿਆਂ ਦੀ ਤਿਆਰੀ, ਘੜਾ ਭੰਨਣ ਦੀ ਰਸਮ, ਦਾਹ ਸੰਸਕਾਰ ਦੀ ਰਸਮ, ਫੁੱਲ ਚੁਗਣ ਦੀ ਰਸਮ, ਅੰਤ ਵਿੱਚ ਭੋਗ ਦੀ ਰਸਮ ਕੀਤੀ ਜਾਂਦੀ ਹੈ। ਭੋਗ ਦੀ ਰਸਮ ਪੂਰੀ ਹੋਣ ਤੋਂ ਬਾਅਦ ਕਬੀਲੇ ਦੀ ਦਾਲ-ਰੋਟੀ ਕੀਤੀ ਜਾਂਦੀ ਹੈ।

ਡੇਜਲ ਇਬਟਸਨ ਐਂਡ ਐਚ.ਏ.ਰੋਸ ਦੁਆਰਾ ਲਿਖੀ ਗਈ ਕਿਤਾਬ ਏ ਗਲੋਸਰੀ ਆਫ਼ ਦਾ ਟਿਰਾਇਬਜ ਐਂਡ ਕਾਸਟਸ ਆਫ਼ ਪੰਜਾਬ ਵਿੱਚ ਨਟ ਕਬੀਲੇ ਦੇ ਰੀਤੀ-ਰਿਵਾਜਾਂ ਬਾਰੇ ਦੱਸਿਆ ਗਿਆ ਹੈ। ਨਟ ਕਬੀਲੇ ਦੇ ਰੀਤੀ-ਰਿਵਾਜ ਹਿੰਦੂ ਧਰਮਾਂ ਦੇ ਲੋਕਾਂ ਦੇ ਰੀਤੀ-ਰਿਵਾਜਾਂ ਨਾਲ ਮਿਲਦੇ ਜੁਲਦੇ ਹਨ। ਨਟ ਲੋਕ ਆਪਣੀ ਜਾਤ ਵਿੱਚ ਵਿਆਹ ਕਰਦੇ ਹਨ ਅਤੇ ਆਪਣੇ ਗੋਤ ਤੋਂ ਬਾਹਰ ਵਿਆਹ ਕਰਦੇ ਹਨ। ਨਟ ਕਬੀਲੇ ਵਿੱਚ ਵਿਆਹ ਫੇਰਿਆਂ ਦੁਆਰਾ ਕੀਤਾ ਜਾਂਦਾ ਹੈ ਅਤੇ ਮ੍ਰਿਤਕ ਵਿਅਕਤੀ ਦਾ ਸੰਸਕਾਰ ਕੀਤਾ ਜਾਂਦਾ ਹੈ। ( ਡੇਜਲ ਇਬਟਸਨ ਐਂਡ ਰੋਸ 1970 )

ਕੇ.ਐਸ.ਸਿੰਘ ਆਪਣੀ ਕਿਤਾਬ ਇੰਡੀਅਸ ਕਮਿਊਨਟੀ (India's Communities) ਵਿੱਚ ਨਟ ਕਬੀਲੇ ਦੇ ਰੀਤੀ-ਰਿਵਾਜਾਂ ਬਾਰੇ ਲਿਖਦਾ ਹੈ। ਕਿ ਨਟ ਸਮੁਦਾਇ ਦੇ ਲੋਕ ਸੁਜਾਤੀ ਵਿਆਹ ਕਰਦੇ ਹਨ ਅਤੇ ਆਪਣੇ ਗੋਤ ਤੋਂ ਬਾਹਰ ਵਿਆਹ ਕਰਨ ਦੀ ਇਜਾਜ਼ਤ ਹੈ। ਮੁੜ ਵਿਧਵਾ ਵਿਆਹ ਕਰਨ ਦੀ ਇਜਾਜ਼ਤ ਹੈ। ਵਿਆਹ ਦੀਆਂ ਰਸਮਾਂ ਵਿੱਚ ਮੰਗਣੀ ਦੀ ਰਸਮ, ਵੰਨ੍ਹ ਦੀ ਰਸਮ ਅਤੇ ਛਟੀ ਪੂਜਨ ਦੀ ਰਸਮ ਕੀਤੀ ਜਾਂਦੀ ਹੈ। ਛੇਂ ਦਿਨਾਂ ਬਾਅਦ ਛਟੀ ਦੀ ਰਸਮ ਕੀਤੀ ਜਾਂਦੀ ਹੈ। ਇਕ ਮਹੀਨੇ ਬਾਅਦ ਨਾਮ ਕਰਨ ਦੀ ਰਸਮ ਕੀਤੀ ਜਾਂਦੀ ਹੈ। ਸੱਤ ਦਿਨਾਂ ਬਾਅਦ ਜਾਂ ਇੱਕ ਮਹੀਨੇ ਬਾਅਦ ਵਾਲ ਉਤਾਰਨ ਦੀ ਰਸਮ ਕੀਤੀ ਜਾਂਦੀ ਹੈ ਅਤੇ ਵਿਆਹ ਫੇਰਿਆਂ ਦੁਆਰਾ ਕੀਤੇ ਜਾਂਦੇ ਹਨ। ਮ੍ਰਿਤਕ ਵਿਅਕਤੀ ਦਾ ਸੰਸਕਾਰ ਕੀਤਾ ਜਾਂਦਾ ਹੈ। ਫੁੱਲ ਚੁਗਣ ਦੀ ਰਸਮ, ਗਿਆਰਾਂ ਦਿਨ ਬਾਅਦ ਭੋਗ ਦੀ ਰਸਮ, ਹਵਨ ਦੀ ਰਸਮ ਅਤੇ ਅੰਤ ਵਿੱਚ ਸ਼ਰਾਧ ਪਾਉਣ ਦੀ ਰਸਮ ਕੀਤੀ ਜਾਂਦੀ ਹੈ। (Kumar 1998)

**(2) ਹੋਰ ਕਬੀਲਿਆਂ ਨਾਲ ਸੰਬੰਧਿਤ ਸਾਹਿਤ ਸਰਵੇਖਣ :**

ਕਜਾਕ (2006) ਦੇ ਅਨੁਸਾਰ ਗਾਡੀ ਲੁਹਾਰ ਕਬੀਲੇ ਦੇ ਜਨਮ, ਵਿਆਹ ਅਤੇ ਮੌਤ ਦੇ ਕਰਮ ਕਾਂਡ ਬਾਰੇ ਦੱਸਿਆ ਹੈ। ਇਸ ਵਿੱਚ ਸਭ ਤੋਂ ਪਹਿਲਾ ਜਨਮ ਸੰਬੰਧੀ ਰਸਮਾਂ ਵਿੱਚ ਦਾਈ ਦਾ ਬਹੁਤ ਵੱਡਾ ਯੋਗਦਾਨ ਹੈ। ਤਰਾਗੜੀ (ਤਰਾਗੜੀ ਜਿਸ ਵਿੱਚ ਕਾਲਾ ਧਾਗਾ, ਪੈਸੇ, ਚਾਂਦੀ ਦਾ ਡੋਲਕ, ਅਤੇ ਘੁੰਗਰੂ ਆਦਿ ਹੁੰਦੇ ਹਨ) ਬੰਨਦੇ ਹਨ। ਗੁੜ੍ਹਤੀ ਦੀ ਰਸਮ, ਛਟੀ ਪੂਜਨ (ਅਨਾਜ, ਚੌਲ, ਸ਼ਰਾਬ, ਮਾਸ) ਆਦਿ ਭੈਰੋ ਦੇਵਤੇ ਉੱਤੇ ਮੱਥਾਂ ਟੇਕ ਕੇ ਫਿਰ ਕਬੀਲੇ ਪਰਿਵਾਰਾ ਨੂੰ ਖੁਆਇਆ ਜਾਂਦਾ ਹੈ। ਇਸ ਵਿੱਚ ਕਈ ਗੋਤਰਾ ਦੀਆਂ ਇਸਤਰੀਆਂ ਨਦੀ ਤੋਂ ਪਾਣੀ ਭਰਨ ਜਾਂਦੀਆਂ ਹਨ। ਇਸ ਤੋਂ ਬਾਅਦ ਮੁੰਡਨ ਦੀ ਰਸਮ ਕੀਤੀ ਜਾਂਦੀ ਹੈ। ਵਿਆਹ ਦੀਆ ਰਸਮਾਂ ਵਿੱਚ ਬਹੁਤੀਆਂ ਰਸਮਾਂ ਹਿੰਦੂ ਰੀਤੀ-ਰਿਵਾਜਾਂ ਦੇ ਨੇੜੇ ਹਨ। ਪੰਡਿਤ ਦੁਆਰਾ ਫੇਰਿਆਂ ਸਮੇਂ ਅਗਨੀ ਨੂੰ ਦੇਵਤਾ ਸਰੂਪ ਮੰਨ ਕੇ ਵਿਆਹ ਦਾ ਕਾਰਜ ਸ਼ੁਰੂ ਕੀਤਾ ਜਾਂਦਾ ਹੈ। ਇਸ ਵਿਚ ਵੱਟੇ-ਸੱਟੇ ਦਾ ਵਿਆਹ ਹੁੰਦਾ ਹੈ ਅਤੇ ਪ੍ਰੇਮ ਵਿਆਹ ਦੀ ਇਜ਼ਾਜਤ ਹੁੰਦੀ ਹੈ। ਵਿਆਹ ਦੀਆਂ ਰਸਮਾਂ ਵਿੱਚ ਮੁੰਡੇ ਤੇ ਕੁੜੀ ਦੇ ਪਰਿਵਾਰਾ ਵਾਲੇ ਦੋਨੋਂ ਮਹਿੰਦੀ ਦੀ ਰਸਮ ਕਰਦੇ ਹਨ ਅਤੇ ਰਾਤ ਨੂੰ ਵੱਟਣਾ ਮਲ੍ਹਿਆ ਜਾਂਦਾ ਹੈ ਅਤੇ ਫਿਰ ਫੇਰੇ ਹੁੰਦੇ ਹਨ ਫੇਰਿਆ ਤੋਂ ਬਾਅਦ ਵਿਆਹੁਤਾ ਦੁਲਹਨ ਨੇ ਕਬੀਲੇ ਦੇ ਮਿੱਤਰ ਮੁੰਡਿਆਂ ਨੂੰ ਭੋਜਨ ਖੁਆਉਣਾ ਹੁੰਦਾ ਹੈ। ਇਸ ਕਬੀਲੇ ਵਿੱਚ ਵਿਧਵਾ ਵਿਆਹ ਦੀ ਆਗਿਆ ਹੈ ਅਤੇ ਦਾਜ ਦੇ ਰੂਪ ਵਿੱਚ ਬੈਲ ਗਾਡੀ, ਤਿੰਨ ਤੋਂ ਪੰਜ ਜੋੜੇ ਕੱਪੜੇ (ਘੱਗਰੇ) ਅਤੇ ਹੋਰ ਵਸਤੂਆਂ ਦਿੱਤੀਆਂ ਜਾਂਦੀਆਂ ਹਨ। ਮੌਤ ਸੰਸਕਾਰ ਵਿੱਚ ਮ੍ਰਿਤਕ ਦੇਹ ਨੂੰ ਜਮੀਨ ਤੇ ਲਿਟਾਉਦੇ ਹੋਏ ਚੁਫੇਰੇ ਹਲਦੀ ਦੀ ਰੇਖਾ ਖਿੱਚੀ ਜਾਂਦੀ ਹੈ। ਨੌਂ ਗੋਤਾਂ ਦੇ ਪੰਚ ਇੱਕਠੇ ਹੋ ਕੇ ਸਾਰੀਆਂ ਰਸਮਾਂ ਵਿੱਚ ਭਾਗ ਲੈਂਦੇ ਹਨ। ਅਰਥੀ ਤਿਆਰ ਕੀਤੀ ਜਾਂਦੀ ਹੈ। ਅਤੇ ਸਮਸ਼ਾਨ ਘਾਟ ਤੱਕ ਮ੍ਰਿਤਕ ਦੇਹ ਨੂੰ ਲੈ ਕੇ ਜਾਂਦੇ ਹਨ। ਅੰਤਿਮ ਦਾਹ ਦੀ ਰਸਮ, ਖੱਫਣ ਪਾਉਣਾ, ਤਿੰਨ ਦਿਨ ਬਾਅਦ ਫੁੱਲ ਚੁੱਗਣ ਦੀ ਰਿਵਾਇਤ ਹੈ ਅਤੇ ਤੇਰ੍ਹਾਂ ਦਿਨ ਸੋਗ ਮੁਕਤੀ ਦੀ ਰਸਮ ਕੀਤੀ ਜਾਦੀ ਹੈ।

ਦਰਿਆਂ (1997) ਦੇ ਅਨੁਸਾਰ ਪੰਜਾਬ ਦੇ ਸਾਂਸੀ ਕਬੀਲੇ ਦੇ ਸੱਭਿਆਚਾਰ ਬਾਰੇ ਦੱਸਿਆ ਗਿਆ ਹੈ। ਜਿਸ ਵਿੱਚ ਸਾਂਸੀ ਕਬੀਲੇ ਦੀਆਂ ਰਸਮ-ਰਿਵਾਜਾਂ ਬਾਰੇ ਚਾਨਣਾਂ ਪਾਇਆ ਗਿਆ ਹੈ। ਸਾਂਸੀ ਕਬੀਲੇ ਵਿੱਚ ਲੜਕੇ ਦੇ ਜਨਮ ਤੇ ਸਭ ਤੋਂ ਵੱਧ ਖੁਸ਼ੀ ਮਨਾਈ ਜਾਂਦੀ ਹੈ। ਬੱਚਾ ਪੈਦਾ ਹੋਣ ਤੋਂ ਬਾਅਦ ਗੁੜ੍ਹਤੀ ਦੀ ਰਸਮ ਕੀਤੀ ਜਾਂਦੀ ਹੈ ਬੱਚੇ ਅਤੇ ਔਰਤ ਦੇ ਸਿਰਹਾਣੇਂ ਲੋਹੇ ਦੀ ਛੂਰੀ ਰੱਖੀ ਜਾਂਦੀ ਹੈ। ਬੱਚੇ ਨੂੰ ਨਵਾਇਆ ਜਾਂਦਾ ਹੈ ਅਤੇ ਜਨਮ ਤੋਂ ਤੇਰ੍ਹਵੇਂ ਦਿਨ ਬੱਚੇ ਦੀ ਮਾਂ ਤੇਰ੍ਹਵਾਂ ਨਹਾਉਂਦੀ ਹੈ। ਵਿਆਹ ਦੀਆਂ ਰਸਮਾਂ ਵਿੱਚ ਸਭ ਤੋਂ ਪਹਿਲਾ ਮੰਗਣੀ ਦੀ ਰਸਮ, ਦਿਨ ਮਿੱਥਣ ਦੀ ਰਸਮ, ਗੰਢਾਂ ਦੇਣ ਦੀ ਰਸਮ, ਮਹਿੰਦੀ ਲਗਾਉਣ ਦੀ ਰਸਮ, ਵੱਟਣਾ ਮਲਨਾ, ਸਿਹਰਾਬੰਦੀ, ਨਿਉਦਾਂ ਪਾਉਣ ਦੀ ਰਸਮ, ਘੋੜੀ ਚੜ੍ਹਨਾ ਦੀ ਰਸਮ, ਮਿਲਣੀ ਦੀ ਰਸਮ, ਫੇਰੇ ਜਾਂ ਲਾਵਾਂ ਦੀ ਰਸਮ, ਡੋਲੀ ਦੀ ਰਸਮ ਅਤੇ ਅੰਤ ਵਿੱਚ ਪਾਣੀ ਵਾਰਨ ਦੀ

ਰਸਮ ਕੀਤੀ ਜਾਂਦੀ ਹੈ। ਮੌਤ ਨਾਲ ਸੰਬੰਧਿਤ ਰਸਮਾਂ ਵਿੱਚ ਸਭ ਤੋਂ ਪਹਿਲਾ ਮੁਰਦੇ ਨੂੰ ਮੰਜੀ ਤੋਂ ਲਾਹ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਅਰਥੀ ਤਿਆਰ ਕੀਤੀ ਜਾਂਦੀ ਹੈ ਅਤੇ ਰਸਤੇ ਵਿੱਚ ਭੰਡਾਰ (ਘੜਾ) ਭੰਨਣ ਦੀ ਰਸਮ ਕੀਤੀ ਜਾਂਦੀ ਹੈ। ਸੰਸਕਾਰ ਕਰਨ ਤੋਂ ਪਹਿਲਾ ਮੁਰਦੇ ਦੇ ਮੂੰਹ ਵਿੱਚ ਘਿਉ ਤੇ ਪੈਸਾ ਪਾਇਆਂ ਜਾਂਦਾ ਹੈ। ਉਸ ਤੋਂ ਬਾਅਦ ਤੀਜੇ ਦਿਨ ਫੁੱਲ ਚੁਗਣ ਦੀ ਰਸਮ ਕੀਤੀ ਜਾਂਦੀ ਹੈ ਅਤੇ ਮਰਨ ਤੋਂ ਬਾਰਾਂ ਦਿਨ ਜਾਂ ਤੇਰਾਂ ਦਿਨ ਬਾਅਦ ਭੋਗ ਦੀ ਰਸਮ ਕੀਤੀ ਜਾਂਦੀ ਹੈ। ਉਸ ਦਿਨ ਗੰਗਾ ਜਲ ਨਾਲ ਵਿਅਕਤੀਆਂ ਅਤੇ ਘਰ ਨੂੰ ਪਵਿੱਤਰ ਕੀਤਾ ਜਾਂਦਾ ਹੈ।

ਸ਼ਰਮਾ (1985) ਦੇ ਅਧਿਐਨ ਵਿੱਚ ਬ੍ਰਾਹਮਣ ਜਾਤ ਦੇ ਵਿਆਹ ਰਸਮਾਂ ਵਿੱਚ ਆ ਰਹੇ ਪਰਿਵਰਤਨ ਬਾਰੇ ਦੱਸਿਆ ਗਿਆ ਹੈ। ਬ੍ਰਾਹਮਣਾਂ ਦੇ ਵਿਆਹ ਰਸਮਾਂ ਵਿੱਚ ਸਭ ਤੋਂ ਪਹਿਲਾ ਦਿਨ ਪੱਕਾ ਕਰਨ ਦੀ ਰਸਮ, ਚਿੱਠੀ ਲਿਖਣ ਦੀ ਰਸਮ, ਸੂਚਨਾ ਭੇਜਣ ਦੀ ਰਸਮ, ਦਾਜ਼ ਅਤੇ ਵਰੀ ਦੀ ਤਿਆਰੀ, ਲੇਡੀਸ਼ ਸੰਗੀਤ ਦੀ ਰਸਮ, ਵੱਟਣਾ ਮਲਣ ਦੀ ਰਸਮ ਇੱਕ ਜਾਂ ਦੋ ਦਿਨ ਪਹਿਲਾ ਕੀਤੀ ਜਾਂਦੀ ਹੈ। ਸਾਂਕ-ਸੰਬੰਧਿਆਂ ਨੂੰ ਬੁਲਾਉਂਣਾ, ਨਾਨਕ ਛੱਕ ਦੀ ਰਸਮ, ਸਾਂਤ (Saant) ਦੀ ਰਸਮ, ਜਿਸ ਵਿੱਚ ਇੱਕ ਜਾਂ ਦੋ ਦਿਨ ਪਹਿਲਾ ਪੰਡਿਤ ਦੁਆਰਾ ਘਰ ਵਿੱਚ ਪੂਜਾ ਕੀਤੀ ਜਾਂਦੀ ਹੈ ਅਤੇ ਲੜਕੇ ਤੇ ਲੜਕੀ ਦੇ ਕੰਗਣਾਂ ਬੰਨਿਆਂ ਜਾਂਦਾ ਹੈ। ਸਿਹਰਾਬੰਦੀ ਦੀ ਰਸਮ, ਘੋੜੀ ਚੜ੍ਹਨ ਦੀ ਰਸਮ, ਸੁਰਮਾਂ ਪਾਉਣ ਦੀ ਰਸਮ ਕੀਤੀ ਜਾਂਦੀ ਹੈ। ਫਿਰ ਬਰਾਂਤ ਦਾ ਸੁਆਗਤ, ਫੇਰਿਆ ਦੀ ਰਸਮ, ਡੋਲੀ ਦੀ ਰਸਮ, ਲਗਨ ਦੀ ਰਸਮ, ਛੱਟੀਆਂ ਖੇਡਣ ਦੀ ਰਸਮ, ਕੰਗਣਾ ਦੀ ਰਸਮ (ਪਰਾਂਤ ਵਿੱਚ ਦੁੱਧ ਪਾ ਕੇ ਛੱਲਾ ਲੱਭਿਆ ਜਾਂਦਾ ਹੈ, ਲੜਕੀ ਅਤੇ ਲੜਕੇ ਦੁਆਰਾ) ਅਤੇ ਅੰਤ ਵਿੱਚ ਇੱਕ ਹਫਤੇ ਬਾਅਦ ਰੋਟੀ ਖਿਲਾਉਂਣ ਦੀ ਰਸਮ ਕੀਤੀ ਜਾਂਦੀ ਹੈ। ਹੁਣ ਵਿਆਹ ਰਸਮਾਂ ਵਿੱਚ ਘੱਟ ਸਮਾਂ ਲਗਾਉਣਾ, ਸਰਲ ਅਤੇ ਘੱਟ ਪ੍ਰੰਪਰਾਗਤ ਬਣ ਗਏ ਹਨ।

**ਉਦੇਸ਼:**

- ਨਟ ਸਮੁਦਾਇ ਦੇ ਉੱਤਰਦਾਤਿਆਂ ਦਾ ਸਮਾਜਿਕ ਤੇ ਆਰਥਿਕ ਪੱਧਰ ਬਾਰੇ ਪਤਾ ਕਰਨਾ।
- ਨਟ ਸਮੁਦਾਇ ਦੇ ਜਨਮ, ਵਿਆਹ, ਮੌਤ ਸਬੰਧੀ ਰੀਤੀ-ਰਿਵਾਜਾਂ ਦਾ ਪਤਾ ਕਰਨਾ।
- ਨਟ ਸਮੁਦਾਇ ਦੇ ਰੀਤੀ-ਰਿਵਾਜਾਂ ਵਿੱਚ ਆ ਰਹੇ ਪਰਿਵਰਤਨਾ ਬਾਰੇ ਜਾਣਕਾਰੀ ਪ੍ਰਾਪਤ ਕਰਨਾ।

**ਖੋਜ ਵਿਧੀ** – ਇਸ ਖੋਜ ਦਾ ਮੁੱਖ ਉਦੇਸ਼ ਲੁਧਿਆਣਾ ਸ਼ਹਿਰ ਦੇ ਨਟ ਕਬੀਲੇ ਦੇ ਰੀਤੀ-ਰਿਵਾਜਾਂ ਦਾ ਇੱਕ ਸਮਾਜ ਵਿਗਿਆਨਿਕ ਅਧਿਐਨ ਕਰਦਾ ਹੈ। ਇਸ ਖੋਜ ਅਧਿਐਨ ਲਈ ਲੁਧਿਆਣਾ ਸ਼ਹਿਰ ਦੀ ਚੋਣ ਕੀਤੀ ਗਈ ਹੈ। ਜਿਸ ਵਿੱਚ ਗਿਆਸਪੁਰਾ ਖੇਤਰ ਵਿੱਚ ਸਰਕਾਰ ਦੁਆਰਾ ਬਣਾਏ ਸਰਕਾਰੀ ਕੁਆਟਰ, ਬੁੱਢਾ ਨਾਲਾ ਕੋਲ ਅਸਥਾਈ ਝੁੱਗੀਆਂ ਅਤੇ ਪੱਖੋਵਾਲਾ ਰੋਡ ਦੇ ਰੇਲਵੇ ਫਾਟਕ ਦੇ ਨਜ਼ਦੀਕ ਬਣੀਆ ਅਸਥਾਈ ਝੁੱਗੀਆ ਆਦਿ ਥਾਵਾਂ ਤੋਂ ਉਤਰਦਾਤੇ ਮਿਲੇ ਹਨ।ਇਸ ਖੋਜ ਅਧਿਐਨ ਲਈ ਸਨੋਬਾਲ ਸੈਪਲਿੰਗ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਨਿਰੀਖਣ ਵਿਧੀ, ਇੰਟਰਵਿਊ ਵਿਧੀ ਅਤੇ ਅਨੁਸੂਚੀ ਵਿਧੀ ਦੁਆਰਾ ਖੋਜ ਅਧਿਐਨ ਪੂਰਾ ਕੀਤਾ ਗਿਆ ਹੈ।

**ਲੱਭਤਾ** – ਇਸ ਖੋਜ ਅਧਿਐਨ ਵਿੱਚ ਨਟ ਕਬੀਲੇ ਦੇ ਜਨਮ, ਵਿਆਹ ਅਤੇ ਮੌਤ ਸੰਬੰਧੀ ਰੀਤੀ-ਰਿਵਾਜ ਨੂੰ ਦਰਸਾਇਆ ਗਿਆ ਹੈ ਜੋ ਕਿ ਹੇਠਾ ਲਿਖੇ ਅਨੁਸਾਰ ਹੈ।

**ਜਨਮ ਨਾਲ ਸਬੰਧੀ ਰੀਤੀ-ਰਿਵਾਜ –**

ਨਟ ਸਮੁਦਾਇ ਦੇ ਲੋਕ ਜਨਮ ਦੀ ਖੁਸ਼ੀ ਬਹੁਤ ਉਤਸ਼ਾਹ ਨਾਲ ਮਨਾਉਂਦੇ ਹਨ। ਇਨ੍ਹਾਂ ਦੇ ਬਹੁਤ ਸਾਰੇ ਰੀਤੀ-ਰਿਵਾਜ ਅੰਧ-ਵਿਸ਼ਵਾਸ ਨਾਲ ਸੰਬੰਧਿਤ ਹਨ। ਨਟ ਸਮੁਦਾਇ ਵਿੱਚ ਬੱਚੇ ਦੇ ਜਨਮ ਤੋਂ ਪਹਿਲਾ ਕੋਈ ਵੀ ਰੀਤੀ ਰਿਵਾਜ ਨਹੀ ਕਰਦੇ। ਜਿਸ ਦਿਨ ਬੱਚਾ ਜਨਮ ਲੈਂਦਾ ਹੈ। ਉਸ ਦਿਨ ਸਭ ਤੋਂ ਪਹਿਲਾ ਨਟ ਕਬੀਲੇ ਦੀ ਦਾਈ ਨੂੰ ਬੁਲਾਇਆ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਗੁੜ ਜਾ ਪਤਾਸੇ ਵੰਡ ਕੇ ਖੁਸ਼ੀ ਮਨਾਈ ਜਾਂਦੀ ਹੈ। ਬੱਚੇ ਨੂੰ ਗੁੜਤੀ ਦੇਣ ਦੀ ਰਸਮ ਕੀਤੀ ਜਾਂਦੀ ਹੈ। ਬੱਚੇ ਨੂੰ ਗੁੜ ਜਾਂ ਮਿੱਠੇ ਦੀ ਗੁੜਤੀ ਦਿੱਤੀ ਜਾਂਦੀ ਹੈ। ਨਟ ਸਮੁਦਾਇ ਵਿੱਚ ਲੜਕਾ ਪੈਦਾ ਹੋਣ ਤੇ ਸਾਰੇ ਮੁਹੱਲੇ ਜਾਂ ਡੇਰੇ ਵਿੱਚ ਢੋਲ ਦਾ ਗੇੜਾ ਲਗਾਕੇ ਖੁਸ਼ੀ ਮਨਾਈ ਜਾਂਦੀ ਹੈ। ਅਤੇ ਲੜਕਾ ਪੈਦਾ ਹੋਣ ਬਾਰੇ ਸੂਚਿਤ ਕੀਤਾ ਜਾਂਦਾ ਹੈ। ਲੜਕੀ ਪੈਦਾ ਹੋਣ ਤੇ ਥਾਲੀ ਜਾਂ ਪਲੇਟ ਲੈ ਕੇ ਖੜਕਾ ਕੇ ਸਾਰੇ ਮੁਹੱਲੇ ਨੂੰ ਲੜਕੀ ਪੈਦਾ ਹੋਣ ਬਾਰੇ ਸੂਚਿਤ ਕੀਤਾ ਜਾਂਦਾ ਹੈ। ਬੱਚਾ ਪੈਦਾ ਹੋਣ ਤੇ ਘਰ ਅੱਗੇ ਨਿੰਬੂ ਅਤੇ ਹਰੇ ਪੱਤਿਆਂ ਵਾਲੀਆ ਟਾਹਿਣੀਆ ਟੰਗ ਦਿੱਤੀਆਂ ਜਾਂਦੀਆ ਹਨ। ਮਾਂ ਅਤੇ ਬੱਚੇ ਦੇ ਮੰਜੇ ਦੇ ਸਿਰਹਾਣੇ ਲੋਹੇ ਦਾ ਚਾਕੂ ਰੱਖਿਆ ਜਾਂਦਾ ਹੈ। ਇਹ ਚਾਕੂ ਇੱਕ ਮਹਿਨੇ ਤੱਕ ਰੱਖਿਆ ਜਾਂਦਾ ਹੈ ਅਤੇ ਘਰ ਦੇ ਅੱਗੇ ਉਲਟਾ ਤਵਾ ਜਾਂ ਉਲਟੀ ਜੁੱਤੀ ਟੰਗੀ ਜਾਂਦੀ ਹੈ। ਇਹ ਸਭ ਕੁਝ ਮਾਂ ਅਤੇ ਬੱਚੇ ਨੂੰ ਬੁਰੀ ਨਜ਼ਰ ਅਤੇ ਬੁਰੀ ਆਤਮਾ ਤੋਂ ਬਚਾਉਣ ਲਈ ਇਹ ਰਿਵਾਜ ਕਰਦੇ ਹਨ। ਜਦੋਂ ਬੱਚਾ 15 ਜਾਂ 20 ਦਿਨਾਂ ਦਾ ਹੋ ਜਾਂਦਾ ਹੈ ਤਾ ਤਰਾਗੜ੍ਹੀ ਬੰਨਣ ਦੀ ਰਸਮ ਕੀਤੀ ਜਾਂਦੀ ਹੈ। ਤਰਾਗੜ੍ਹੀ ਕਾਲੇ ਧਾਗੇ ਵਿੱਚ ਪੰਜੀ ਜਾ ਦਸੀ, ਕੌਡੀ,ਨਜ਼ਰ ਬੱਟੂ ਅਤੇ ਸੰਦਲ ਦੀ ਲੱਕੜ ਪਰੋਈ ਜਾਂਦੀ ਹੈ। ਇਹ ਬੱਚੇ ਦੇ ਲੱਕ ਨੂੰ ਬੰਨਦੇ ਹਨ। ਬਾਹਰ ਵਧਾਉਣ ਦੀ ਰਸਮ, ਜਾ ਸੂਰਜ ਦਿਖਾਉਣ ਦੀ ਰਸਮ 5 ਜਾ 7 ਦਿਨਾਂ ਬਾਅਦ ਕੀਤੀ ਜਾਂਦੀ ਹੈ। ਇਸ ਦਿਨ ਬੱਚੇ ਅਤੇ ਮਾਂ ਨੂੰ ਨਵਾ-ਧੁਆ ਕੇ ਦੀਵਾ ਦਿਖਾਉਣਾ ਹੁੰਦਾ ਹੈ ਅਤੇ ਗੜਵੀ ਵਿੱਚ ਪਾਣੀ ਮਾਤਾ ਦੇਵੀ ਦੇ ਮੰਦਿਰ ਤੋਂ ਲਿਆ ਕੇ ਸੂਰਜ ਦੀ ਤਰਫ ਚੜਾਇਆ ਜਾਂਦਾ ਹੈ ਅਤੇ ਘਰ ਵਿੱਚ ਪੰਜ ਜਾ ਸੱਤ ਕੰਨਿਆ ਨੂੰ ਭੋਜਨ ਖੁਆਇਆ ਜਾਂਦਾ ਹੈ। ਸਿਰ ਮਨਾਉਣ ਦੀ ਰਸਮ 6 ਮਹਿਨੇ ਬਾਅਦ ਜਾ ਇੱਕ ਸਾਲ ਬਾਅਦ ਬੱਚੇ ਦੇ ਪਹਿਲੇ ਵਾਲ ਕੱਟ ਕੇ ਨਦੀ ਵਿੱਚ ਸ਼ਰਧਾ ਪੂਰਵਕ ਵਹਾ ਦਿੱਤੇ ਜਾਂਦੇ ਹਨ। ਕੁਝ ਨਟ ਸਮੁਦਾਇ ਦੇ ਲੋਕ ਪ੍ਰਸ਼ਾਦ ਅਤੇ ਪੂਰੀਆਂ ਦਾ ਮੱਥਾ ਟੇਕ ਕੇ ਮੰਦਿਰ ਵਿੱਚ ਚੜ੍ਹਾ ਦਿੰਦੇ ਹਨ। ਬਹੁਤ ਸਾਰੇ ਲੋਕ ਹਰਿਦੁਆਰ ਜਾ ਕੇ ਸਿਰ ਮਨਾਉਣ ਦੀ ਰਸਮ ਕਰਦੇ ਹਨ ਅਤੇ ਪੂਰੀ ਬਰਾਂਦਰੀ ਨੂੰ ਪੂਰੀਆ ਅਤੇ ਪ੍ਰਸ਼ਾਦ ਖੁਆਇਆਂ ਜਾਂਦਾ ਹੈ। ਨਟ ਬਰਾਂਦਰੀ ਦਾ ਇੱਕ ਭਗਤ ਹੁੰਦਾ ਹੈ। ਜਿਸ ਤੋਂ ਉਹ ਧਾਂਗਾ ਤਵੀਤ ਬਣਾਉਦੇ ਹਨ ਅਤੇ ਮਾਂ ਤੇ ਬੱਚੇ ਨੂੰ ਬੁਰੀ ਆਤਮਾ ਤੋਂ ਬਚਾਉਣ ਲਈ ਭਗਤ ਨੂੰ ਘਰ ਵਿੱਚ ਵੀ ਬੁਲਾਇਆ ਜਾਂਦਾ ਹੈ। ਨਾਮਕਰਨ ਦੀ ਰਸਮ ਦਸ ਦਿਨਾਂ ਬਾਅਦ ਪਰਿਵਾਰ ਵਾਲਿਆ ਦੁਆਰਾ ਹੀ ਕੀਤੀ ਜਾਂਦੀ ਹੈ। ਇੱਕ ਮਹਿਨੇ ਬਾਅਦ ਸਾਫ਼-ਸਫ਼ਾਈ ਕਰ ਕੇ, ਗੰਗਾ ਜਲ ਛਿੜਕੇ ਘਰ ਨੂੰ ਪਵਿੱਤਰ ਕੀਤਾ ਜਾਂਦਾ ਹੈ।

**ਵਿਆਹ ਸਬੰਧੀ ਰੀਤੀ-ਰਿਵਾਜ –**

ਨਟ ਸਮੁਦਾਇ ਵਾਲੇ ਆਪਣੀ ਹੀ ਬਰਾਂਦਰੀ ਵਿੱਚ ਵਿਆਹ ਕਰਦੇ ਹਨ ਅਤੇ ਆਪਣੇ ਮਾਂ ਅਤੇ ਪਿਤਾ ਦੇ ਗੋਤਾ ਤੋਂ ਬਾਹਰ ਵਿਆਹ ਕਰਵਾਉਂਦੇ ਹਨ। ਸਭ ਤੋਂ ਪਹਿਲਾ ਦੇਖ-ਦਿਖਾਈ ਦੀ ਰਸਮ ਕੀਤੀ ਜਾਂਦੀ ਹੈ। ਲੜਕੀ ਪਸੰਦ ਆ ਜਾਣ ਉਪਰੰਤ 11 ਰੁਪਏ ਦੇ ਕੇ ਰੋਕਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮੰਗਣੀ ਦੀ ਰਸਮ ਵਿੱਚ ਲੜਕਾ

ਅਤੇ ਲੜਕੀ ਦੋਨਾਂ ਨੂੰ ਇੱਕਠੇ ਬਿਠਾਕੇ ਲੜਕੇ ਦੀ ਝੋਲੀ ਵਿੱਚ ਇੱਕ ਨਾਰੀਅਲ, ਪੈਸੇ ਅਤੇ ਪਤਾਸੇ ਪਾਏ ਜਾਂਦੇ ਹਨ ਅਤੇ ਦੋਨਾਂ ਨੂੰ ਸ਼ਗਨ ਪਾਇਆ ਜਾਂਦਾ ਹੈ। ਨਟ ਸਮੁਦਾਇ ਵਾਲੇ ਆਪਣੇ ਵਿਆਹ, ਮੰਗਣੀ ਸਭ ਕੁਝ ਹੋਲੀ ਦੇ ਦਿਨਾਂ ਵਿੱਚ ਹੀ ਕਰਦੇ ਹਨ ਕਿਉਂਕਿ ਉਸ ਸਮੇਂ ਇਨ੍ਹਾਂ ਕੋਲ ਕੰਮ ਬਹੁਤ ਘੱਟ ਹੁੰਦਾ ਹੈ। ਲਗਨ ਦੀ ਰਸਮ ਦੋ –ਤਿੰਨ ਮਹਿਨੇ ਪਹਿਲਾ ਕੀਤੀ ਜਾਂਦੀ ਹੈ। ਇਸ ਵਿੱਚ ਲੜਕੇ ਵਾਲੇ ਲੜਕੀ ਦੇ ਘਰ ਜਾਂਦੇ ਹਨ। ਅਤੇ ਲੜਕੀ ਦੇ ਲਈ ਕੱਪੜੇ, ਮਿਠਾਈ, ਸ਼ਗਨ, ਲੈ ਕੇ ਜਾਂਦੇ ਹਨ ਅਤੇ ਉਸ ਦਿਨ ਹੀ ਵਿਆਹ ਦੀ ਤਰੀਖ ਪੱਕੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਮੰਡ੍ਹਾ ਬੰਨਣ ਦੀ ਰਸਮ ਕਰਦੇ ਹਨ। ਮੰਡ੍ਹਾ ਬੰਨਣ ਦੀ ਰਸਮ ਪੰਜ ਜਾਂ ਸੱਤ ਵਿਅਕਤੀਆ ਦੁਆਰਾ ਕੀਤੀ ਜਾਂਦਾ ਹੈ। ਮੰਡ੍ਹਾ ਤਿਆਰ ਕਰਨ ਲਈ ਪੰਜ ਕਾਂਨੇ ਇੱਕਠੇ ਕਰਕੇ ਪੰਜ ਥਾਂਵਾਂ ਤੋਂ ਖੰਮਣਿਆਂ ਨਾਲ ਬੰਨਿਆ ਜਾਂਦਾ ਹੈ ਅਤੇ ਇੱਕ ਖੰਮਣੀ ਨਾਲ ਅੰਬੇ ਦੇ ਪੱਤਿਆ ਦਾ ਹਾਰ ਬਣਾਕੇ ਦਰਵਾਜੇ ਤੇ ਲਟਕਾਉਂਦੇ ਹਨ ਅਤੇ ਦਰਵਾਜੇ ਦੇ ਨਾਲ ਦੋ ਘੜੇ ਪਾਣੀ ਨਾਲ ਭਰ ਕੇ ਰੱਖੇ ਹਨ ਅਤੇ ਇੱਕ ਕੋਨੇ ਨਾਲ ਪੰਜ ਠੁੱਠੀਆ ਨੂੰ ਖੰਮਣੀ ਨਾਲ ਬੰਨ ਕੇ ਲਟਕਾਇਆ ਜਾਂਦਾ ਹੈ। ਜ਼ਿਆਦਾਤਰ ਮੰਡ੍ਹਾ ਨਾਨਕਿਆ ਦੁਆਰਾ ਬੰਨਿਆ ਜਾਂਦਾ ਹੈ। ਵੰਨ ਲਗਾਉਣ ਦੀ ਰਸਮ ਅਤੇ ਮਹਿੰਦੀ ਲਗਾਉਣ ਦੀ ਰਸਮ ਇੱਕ ਦਿਨ ਪਹਿਲਾ ਕੀਤੀ ਜਾਂਦੀ ਹੈ।ਮਿਲਣੀ ਦੀ ਰਸਮ ਵਿਚ ਨਟ ਸਮੁਦਾਇ ਵਾਲੇ ਪੱਗੜੀਆ ਬੰਨ ਕੇ ਮਿਲਣੀ ਦੀ ਰਸਮ ਕੀਤੀ ਜਾਂਦੀ ਹੈ। ਨਟ ਸਮੁਦਾਇ ਵਾਲੇ ਮਿਲਣੀ ਦੇ ਸਮੇਂ ਸਲਾਮੀ ਦੇ ਵਜੋਂ ਸ਼ਰਾਬ ਦੀ ਇੱਕ ਬੋਤਲ ਲੜਕੇ ਵਾਲੇ ਲੜਕੀ ਵਾਲਿਆ ਦਿੰਦੇ ਹਨ ਅਤੇ ਲੜਕੀ ਵਾਲੇ ਸ਼ਰਾਬ ਦਾ ਅਧਿਆ ਲੜਕੇ ਵਾਲਿਆ ਦਿੰਦੇ ਹਨ। ਮਿਲਣੀ ਤੋਂ ਬਾਅਦ ਟਿੱਕੇ ਦੀ ਰਸਮ, ਰਿਬਨ ਕਟਾਈ ਦੀ ਰਸਮ ਅਤੇ ਜੈ ਮਾਲਾ ਦੀ ਰਸਮ ਕੀਤੀ ਜਾਂਦੀ ਹੈ।

ਘੋੜੀ ਚੜ੍ਹਨ ਦੀ ਰਸਮ ਵਿਆਹ ਤੋਂ ਇੱਕ ਦਿਨ ਪਹਿਲਾਂ ਸ਼ਾਮ ਨੂੰ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਨੂੰ ਨੁਹਾ ਧੁਆ ਕੇ ਸਿਹਰਾ ਬੰਨੀਆਂ ਜਾਂਦਾ ਹੈ ਅਤੇ ਉਸ ਤੋਂ ਬਾਅਦ ਲੜਕੇ ਨੂੰ ਘੋੜੀ ਚੜ੍ਹਾਅ ਕੇ ਪੂਰੀ ਬਰਾਦਰੀ ਦੇ ਦੇਵੀ ਦੇਵਤੇ ਅਤੇ ਕੁਲ ਦੇਵਤੇ ਤੇ ਮੱਥਾ ਟੇਕਿਆਂ ਜਾਂਦਾ ਹੈ। ਇਸ ਰਸਮ ਵਿੱਚ ਕੱਚੇ ਚੋਲ, ਹਲਦੀ ਅਤੇ ਦੋ ਪਤਾਸੇ ਲੈ ਕੇ ਹਰ ਇੱਕ ਮੰਦਿਰ ਅਤੇ ਦੇਵੀ ਦੇਵਤੇ ਉੱਤੇ ਮੱਥਾ ਟੇਕਿਆ ਜਾਂਦਾ ਹੈ। ਜਿਸ ਦੌਰਾਨ ਢੌਲ ਅਤੇ ਬੈਂਡ ਵਾਜੇਂ ਵਜਾਉਂਦੇ ਹਨ। ਕਈ ਲੋਕ ਲਾੜੇ ਨੂੰ ਰੱਥ ਤੇ ਬੈਠਾਕੇ ਪੂਰੀ ਬਰਾਦਰੀ ਵਿੱਚ ਗੇੜਾ ਲਗਾਈਆਂ ਜਾਂਦਾ ਹੈ। ਇਸ ਰਸਮ ਵਿੱਚ ਨਟ ਸਮੁਦਾਇ ਦੇ ਲੋਕ ਨੱਚ ਕੇ ਵਿਆਹ ਦੀ ਖੁਸ਼ੀ ਮਨਾਉਂਦੇ ਹਨ।

ਵਿਆਹ ਵਾਲੇ ਦਿਨ ਲਾੜਾ ਤਿਆਰ ਹੋ ਕੇ ਸਿਹਰਾ ਬੰਨਕੇ ਲੜਕੀ ਦੇ ਘਰ ਬਰਾਤ ਲੈ ਕੇ ਚਲਿਆ ਜਾਂਦਾ ਹੈ ਅਤੇ ਉਸ ਦਿਨ ਵੀ ਲਾੜੇ ਨੂੰ ਘੋੜੀ ਜਾਂ ਰੱਥ ਤੇ ਚੜ੍ਹਾਇਆਂ ਜਾਂਦਾ ਹੈ। ਫੇਰਿਆਂ ਦੀ ਰਸਮ ਦੋ ਤਰ੍ਹਾਂ ਨਾਲ ਕੀਤੀ ਜਾਂਦੀ ਹੈ ਇੱਕ ਤਾਂ ਗੁਜ਼ਰਾਤੀ ਫੇਰੇ ਹੁੰਦੇ ਹਨ। ਇਸ ਵਿੱਚ ਪਰਿਵਾਰ ਦੇ ਪੰਜ ਬੰਦੇ ਇੱਕਠੇ ਹੋ ਕੇ ਸਾਰੀ ਰਸਮ ਉਹੀ ਪੰਜ ਬੰਦੇ ਹੀ ਕਰਵਾਉਂਦੇ ਹਨ। ਇਸ ਵਿੱਚ ਚਾਰ ਕੋਨਿਆਂ ਤੇ ਚਾਰ ਗੱੜ੍ਹਬੀਆਂ ਰੱਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਗੱੜ੍ਹਬੀਆਂ ਦੇ ਆਲੇ-ਦੁਆਲੇ ਕੱਚੇ ਧਾਗੇ ਨਾਲ ਪੰਜ ਗੇੜੇ ਦਿੱਤੇ ਜਾਂਦੇ ਹਨ ਅਤੇ ਇਨ੍ਹਾਂ ਗੱੜ੍ਹਬੀਆਂ ਵਿੱਚ ਆਪਣੀ ਹੈਸੀਅਤ ਅਨੁਸਾਰ ਪੈਸੇ ਪਾਉਂਦੇ ਹਨ ਅਤੇ ਫੇਰਿਆਂ ਦੀ ਰਸਮ ਵਿੱਚ 7 ਫੇਰੇ ਲਏ ਜਾਂਦੇ ਹਨ। ਫੇਰਿਆਂ ਦੌਰਾਨ ਲਾੜਾ ਅੱਗੇ ਚਲਦਾ ਹੈ ਅਤੇ ਲਾੜੀ ਪਿੱਛੇ ਚਲਦੀ ਹੈ। ਪਰ ਹੁਣ ਫੇਰੇ ਪੰਡਿਤ ਦੁਆਰਾ ਹੋਣ ਲੱਗ ਪਏ ਹਨ। ਇਸ ਵਿੱਚ ਚਾਰ ਕੋਨਿਆਂ ਤੇ ਚਾਰ ਗੱੜ੍ਹਬੀਆਂ ਰੱਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਗੱੜ੍ਹਬੀਆਂ ਦੇ ਆਲੇ-ਦੁਆਲੇ ਕੱਚੇ ਧਾਗੇ ਨਾਲ ਪੰਜ ਗੇੜੇ ਦਿੱਤੇ ਜਾਂਦੇ ਹਨ ਅਤੇ ਵਿਚਕਾਰ ਅਗਨੀ ਵਾਲੀ ਜਾਂਦੀ ਹੈ। ਇਨ੍ਹਾਂ ਗੱੜ੍ਹਬੀਆਂ ਵਿੱਚ ਹੈਸੀਅਤ ਅਨੁਸਾਰ ਪੈਸੇ ਪਾਏ ਜਾਂਦੇ ਹਨ ਅਤੇ ਪੰਡਿਤ ਦੁਆਰਾ ਮੰਤਰ ਪੜ੍ਹੇ ਜਾਂਦੇ ਹਨ ਅਤੇ ਲੜਕੇ ਤੇ ਲੜਕੀ ਦੁਆਰਾ ਸੱਤ ਫੇਰੇ ਲਏ ਜਾਂਦੇ ਹਨ।

ਇਸ ਤੋਂ ਬਾਅਦ ਡੋਲੀ ਦੀ ਰਸਮ ਵਿੱਚ ਪੱਗੜੀ ਬੰਨਕੇ ਬਰਾਤ ਨੂੰ ਵਿਦਾ ਕੀਤਾ ਜਾਂਦਾ ਹੈ। ਵਿਦਾਈ ਦੇ ਸਮੇਂ ਲੜਕੇ ਵਾਲੇ ਲੜਕੀ ਦੇ ਪਰਿਵਾਰ ਨੂੰ ਇੱਕ ਚੀਨੀ ਦੀ ਬੋਰੀ, 12 ਬੋਤਲਾ ਸ਼ਰਾਬ ਦੀਆ ਅਤੇ ਇੱਕ ਨਾਰੀਅਲ ਦਿੰਦੇ ਹਨ ਅਤੇ ਵਿਦਾਈ ਵੇਲੇ ਦੋ ਸ਼ਰਾਬ ਦੀਆਂ ਬੋਤਲਾਂ ਲੜਕੀ ਵਾਲੇ ਲੜਕੇ ਵਾਲਿਆ ਨੂੰ ਦਿੰਦੇ ਹਨ। ਇਸ ਤੋਂ ਬਾਅਦ ਜਦੋ ਬਰਾਂਤ ਲੜਕੇ ਦੇ ਘਰ ਆ ਜਾਂਦੀ ਹੈ ਤਾਂ ਸਾਰੇ ਦੇਵੀ-ਦੇਵਤੀਆਂ ਤੇ ਮੱਥਾ ਟੇਕਣ ਦੀ ਰਸਮ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਕੋਨੇ ਧੋਣ ਦੀ ਰਸਮ ਕੀਤੀ ਜਾਂਦੀ ਹੈ। ਇਸ ਦਿਨ ਲੜਕੇ ਦੀ ਮਾਂ ਦਰਵਾਜੇ ਦੇ ਦੋਵਾਂ ਕੋਨਿਆਂ ਤੇ ਪਾਣੀ ਪਾਉਂਦੀ ਹੈ ਅਤੇ ਫਿਰ ਲਾੜਾ ਅਤੇ ਲਾੜੀ ਦੋਵਾਂ ਦੇ ਸਿਰ ਉੱਤੇ ਪਾਣੀ ਵਾਰ ਕੇ ਪੀਤੀ ਹੈ ਅਤੇ ਅੰਤ ਵਿੱਚ ਭੈਣ ਰੋਕੇ ਦੀ ਰਸਮ ਕਰਦੀ ਹੈ ਪਰ ਹੁਣ ਕਈ ਨਟ ਸਮੁਦਾਇ ਦੇ ਲੋਕ ਕੇਵਲ ਜੈ ਮਾਲਾ ਪਾਕੇ ਹੀ ਲੜਕੇ ਅਤੇ ਲੜਕੀ ਨੂੰ ਵਿਆਹ ਲਿਆਉਂਦੇ ਹਨ।

**ਮੌਤ ਸੰਬੰਧੀ ਰੀਤੀ-ਰਿਵਾਜ –**

ਨਟ ਸਮੁਦਾਇ ਵਿੱਚ ਮੌਤ ਹੋਣ ਤੇ ਨਟ ਸਮੁਦਾਇ ਦੇ ਲੋਕ ਇੱਕਠੇ ਹੋ ਕੇ ਸੋਗ ਦਾ ਪ੍ਰਗਟਾਵਾ ਕਰਦੇ ਹਨ। ਸਭ ਤੋਂ ਪਹਿਲਾ ਮ੍ਰਿਤਕ ਸਰੀਰ ਨੂੰ ਧਰਤੀ ਤੇ ਪਾਇਆ ਜਾਂਦਾ ਹੈ। ਮ੍ਰਿਤਕ ਸਰੀਰ ਨੂੰ ਸਿਆਣੇ ਵਿਅਕਤੀਆ ਦੀ ਨਿਗਰਾਨੀ ਵਿੱਚ ਨੁਹਾ-ਧੁਆ ਕੇ ਨਵੇਂ ਕੱਪੜੇ ਪਹਿਨਾਏ ਜਾਂਦੇ ਹਨ। ਮ੍ਰਿਤਕ ਔਰਤ ਨੂੰ ਸਿਆਣੀਆਂ ਔਰਤਾਂ ਨੁਹਾ-ਧੁਆ ਕੇ ਨਵੇਂ ਕੱਪੜੇ ਪਹਿਨਾਉਂਦੀਆਂ ਹਨ ਅਤੇ ਉਮਰ ਦੇ ਹਿਸਾਬ ਨਾਲ ਹਾਰ-ਸਿੰਗਾਰ ਵੀ ਕੀਤਾ ਜਾਂਦਾ ਹੈ ਅਤੇ ਨਾਲ ਹੀ ਅਰਥੀ ਦੀ ਤਿਆਰੀ ਕੀਤੀ ਜਾਂਦੀ ਹੈ। ਜਿਸ ਨੂੰ ਨਟ ਸਮੁਦਾਇ ਵਾਲੇ ਪੱਟੀ ਕੱਸਣਾ ਕਹਿੰਦੇ ਹਨ। ਘੜਾ ਭੰਨਣ ਦੀ ਰਸਮ ਸ਼ੀਵਿਆਂ ਵਿੱਚ ਕੀਤੀ ਜਾਂਦੀ ਹੈ। ਜੇ ਪਤੀ ਦੀ ਮੌਤ ਹੋ ਜਾਂਦੀ ਹੈ ਤਾਂ ਘੜਾ ਪਤਨੀ ਦੁਆਰਾ ਭੰਨਿਆ ਜਾਂਦਾ ਹੈ। ਜੇ ਪਤਨੀ ਦੀ ਮੌਤ ਹੋ ਜਾਵੇਂ ਤਾਂ ਘੜਾ ਉਸਦਾ ਪਤੀ ਭੰਨਦਾ ਹੈ। ਜਦੋਂ ਬਜ਼ੁਰਗ ਦੀ ਮੌਤ ਹੋ ਜਾਵੇਂ ਤਾਂ ਘੜਾ ਉਹਨਾਂ ਦੇ ਪੁੱਤਰਾਂ ਦੁਆਰਾ ਭੰਨਿਆਂ ਜਾਂਦਾ ਹੈ। ਨਟ ਸਮੁਦਾਇ ਦੇ ਲੋਕ ਕਾਫੀ ਸਾਲ ਪਹਿਲਾ ਮ੍ਰਿਤਕ ਸਰੀਰ ਨੂੰ ਦਫਨਾਉਂਣ ਦੀ ਰਸਮ ਕਰਦੇ ਸਨ। ਪਰ ਹੁਣ ਮ੍ਰਿਤਕ ਦਾ ਸੰਸਕਾਰ ਕੀਤਾ ਜਾਂਦਾ ਹੈ। ਸੰਸਕਾਰ ਵਾਲੇ ਮ੍ਰਿਤਕ ਸਰੀਰ ਦਾ ਸਿਰ ਪਹਾੜੀ ਦੀ ਦਿਸ਼ਾ ਵੱਲ ਅਤੇ ਪੈਰ ਦੱਖਣ ਦਿਸ਼ਾ ਵੱਲ ਰੱਖੇ ਜਾਂਦੇ ਹਨ। ਮ੍ਰਿਤਕ ਸਰੀਰ ਦੇ ਮੂੰਹ ਵਿੱਚ ਤਾਂਬੇ ਦਾ ਸਿੱਕਾ, ਚੰਦਨ ਦੀ ਲੱਕੜੀ, ਘਿਓ ਅਤੇ ਗੰਗਾ ਜਲ ਪਾਇਆ ਜਾਂਦਾ ਹੈ। ਉਸ ਸਮੇਂ ਪੰਡਿਤ ਮੰਤਰ ਦਾ ਉਚਾਰਨ ਕਰਦਾ ਹੈ ਅਤੇ ਮ੍ਰਿਤਕ ਸਰੀਰ ਨੂੰ ਪਰਿਵਾਰ ਦਾ ਵੱਡਾ ਪੁੱਤਰ ਅਗਨੀ ਭੇਂਟ ਕਰਦਾ ਹੈ। ਅਗਨੀ ਦੇ ਸਮੇਂ ਬਜ਼ੁਰਗ ਦੇ ਵੱਡੇ ਪੁੱਤਰ ਨੂੰ ਸਿਰ ਦੇ ਵਾਲ ਕੱਟਵਾਕੇ ਅਗਨੀ ਵਿੱਚ ਸੁੱਟੇ ਜਾਂਦੇ ਹਨ। ਉਹਨਾਂ ਨੂੰ ਗੰਜੇ ਹੋਣਾ ਪੈਦਾ ਹੈ। ਤੀਜੇ ਦਿਨ ਨਟ ਸਮੁਦਾਇ ਵਿੱਚ ਫੁੱਲ ਚੁਗਣ ਦੀ ਰਸਮ ਕੀਤੀ ਜਾਂਦੀ ਹੈ। ਫੁੱਲਾਂ ਨੂੰ ਗੰਗਾ ਵਿੱਚ ਪਾ ਕੇ ਆਉਂਦੇ ਹਨ। ਪਰ ਹੁਣ ਸਾਰੇ ਨਟ ਲੋਕ ਨਜ਼ਦੀਕ ਦੀ ਨਦੀ ਵਿੱਚ ਜਲ ਪਰਵਾਹ ਕਰ ਦਿੰਦੇ ਹਨ। ਫੁੱਲ ਪਾ ਕੇ ਆਉਣ ਤੋਂ ਬਾਅਦ ਘਰ ਵਿੱਚ ਪੰਡਿਤ ਦੁਆਰਾ ਹਵਨ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਹੀ ਸੱਤ ਜਾਂ ਨੌਂ ਕੰਨਿਆਂਵਾਂ ਨੂੰ ਭੋਜਨ ਖੁਆਇਆਂ ਜਾਂਦਾ ਹੈ। ਜਿਸ ਨੂੰ ਕੰਨਿਆ ਪੁੱਜਣ ਦੀ ਰਸਮ ਵੀ ਕਿਹਾ ਜਾਂਦਾ ਹੈ। ਭੋਗ ਦੀ ਰਸਮ 12 ਜਾਂ 13 ਦਿਨ ਬਾਅਦ ਕੀਤੀ ਜਾਂਦੀ ਹੈ। ਇਸ ਵਿੱਚ ਮ੍ਰਿਤਕ ਵਿਅਕਤੀ ਦੇ ਨਾਮ ਦੀ ਰੋਟੀ ਤੇ ਪਾਣੀ ਨੂੰ ਪੱਤਲ੍ਹ ਉੱਪਰ ਰੱਖ ਕੇ ਨਦੀ ਕਿਨਾਰੇ ਰੱਖ ਕੇ ਆਉਂਦੇ ਹਨ ਅਤੇ ਫਿਰ ਪੂਰੀ ਬਰਾਂਦਰੀ ਨੂੰ ਭੋਜਨ ਖੁਆਇਆ ਜਾਂਦਾ ਹੈ। ਬੱਚੇ ਨੂੰ ਦਫਨਾਇਆ ਜਾਂਦਾ ਹੈ। ਮ੍ਰਿਤਕ ਦੇ ਪਰਿਵਾਰ ਦਾ ਚੁੱਲ੍ਹਾ ਨਹੀ ਵਾਲਾਇਆ ਜਾਂਦਾ। ਉਹਨਾਂ ਨੂੰ ਰੋਟੀ ਗੁਆਢੀਆਂ ਦੁਆਰਾ ਦਿੱਤੀ ਜਾਂਦੀ ਹੈ। ਭੋਗ ਦੀ ਰਸਮ ਤੱਕ ਪਰਿਵਾਰ ਦਾ ਕੋਈ ਵੀ ਮੈਂਬਰ ਮੰਜੇ ਉੱਤੇ ਨਹੀਂ ਬੈਠਦਾ ਅਤੇ ਪੈਰਾ ਵਿੱਚ ਚੱਪਲਾਂ ਨਹੀ ਪਾਉਂਦਾ। ਬਜ਼ੁਰਗ ਦੀ ਮੌਤ ਹੋਣ ਹੋਣ ਤੇ ਬਜ਼ੁਰਗ ਦੀ ਵੱਡਾ ਕੀਤਾ ਜਾਂਦਾ ਹੈ। ਜਿਸ ਦੌਰਾਨ ਅਰਥੀ ਨੂੰ ਸਜਾਇਆਂ ਜਾਂਦਾ ਹੈ ਅਤੇ ਢੋਲ ਵਜਾ ਕੇ ਮ੍ਰਿਤਕ ਸਰੀਰ ਨੂੰ ਸ਼ੀਵਿਆ ਵਿੱਚ ਲੈ ਕੇ ਜਾਦੇ ਹਨ। ਬਜ਼ੁਰਗ ਦੇ ਭੋਗ ਤੇ ਸ਼ਰਾਬ ਆਦਿ ਦਾ ਸੇਵਨ

ਕੀਤਾ ਜਾਂਦਾ ਹੈ।

**ਨਟ ਸਮੁਦਾਇ ਦੇ ਰੀਤੀ-ਰਿਵਾਜਾ ਵਿੱਚ ਆ ਰਹੇਂ ਪਰਿਵਰਤਨ –**

ਇਸ ਅਧਿਆਇ ਵਿੱਚ ਨਟ ਸਮੁਦਾਇ ਦੀ ਰੀਤੀ-ਰਿਵਾਜਾਂ ਵਿੱਚ ਆ ਰਹੇ ਪਰਿਵਰਤਨ ਬਾਰੇ ਦੱਸਿਆ ਗਿਆ ਹੈ। ਜਨਮ ਨਾਲ ਸਬੰਧੀ ਰੀਤੀ-ਰਿਵਾਜਾਂ ਵਿੱਚ ਬਹੁਤ ਘੱਟ ਪਰਿਵਰਤਨ ਆਏ ਹਨ। ਸਭ ਤੋਂ ਪਹਿਲਾ ਬਾਹਰ ਵਧਾਉਣ ਦੀ ਰਸਮ ਦੋਰਾਨ ਕੁਝ ਨਟ ਸਮੁਦਾਇ ਦੇ ਲੋਕ ਬੱਚੇ ਨੂੰ ਪੰਜਵੇਂ ਦਿਨ ਅਤੇ ਕੁਝ ਸੱਤਵੇਂ ਦਿਨ ਬਾਹਰ ਵਧਾਉਣ ਦੀ ਰਸਮ ਕਰਦੇ ਹਨ। ਨਟ ਸਮੁਦਾਇ ਦੇ ਲੋਕ ਸੂਰਜ ਨੂੰ ਪਾਣੀ ਚੜ੍ਹਾਉਣ ਲਈ ਪਾਣੀ ਮੰਦਿਰ ਵਿੱਚੋਂ ਲੈਂ ਕੇ ਆਉਂਦੇ ਹਨ ਤੇ ਕੁਝ ਲੋਕ ਘਰ ਤੋਂ ਹੀ ਪਾਣੀ ਲੈਂ ਕੇ ਸੂਰਜ ਦੇ ਵੱਲ ਚੜ੍ਹਾਉਂਦੇ ਹਨ। ਝੰਡ ਉਤਾਰਨ ਦੀ ਰਸਮ ਪਹਿਲਾ ਗੰਗਾ ਨਦੀ ਉੱਤੇ ਕਰਦੇ ਸਨ। ਇਹ ਰਸਮ ਬੱਚੇ ਦੀ ਭੂਆ ਦੁਆਰਾ ਕੀਤੀ ਜਾਂਦੀ ਸੀ। ਪੂਰੀਆਂ ਅਤੇ ਪ੍ਰਸ਼ਾਦ ਦਾ ਮੱਥਾ ਟੇਕੀਆ ਜਾਂਦਾ ਸੀ। ਵਾਲਾ ਨੂੰ ਨਦੀ ਵਿੱਚ ਜਲ ਪ੍ਰਵਾਹ ਕਰਦੇ ਸਨ ਪਰ ਹੁਣ ਨਜ਼ਦੀਕ ਦੀ ਨਦੀ ਵਿੱਚ ਜਲ ਪ੍ਰਵਾਹ ਕਰ ਦਿੰਦੇ ਹਨ ਅਤੇ ਕੁਝ ਨਟ ਲੋਕ ਮਾਤਾ ਦੇ ਮੰਦਿਰ ਵਿੱਚ ਚੜ੍ਹਾ ਦਿੰਦੇ ਹਨ। ਵਿਆਹ ਦੇ ਰੀਤੀ-ਰਿਵਾਜਾਂ ਵਿੱਚ ਵੀ ਬਹੁਤ ਘੱਟ ਪਰਿਵਰਤਨ ਆਏ ਹਨ। ਪਹਿਲਾ ਵਿਆਹ ਛੋਟੀ ਉਮਰ ਵਿੱਚ ਕੀਤੇ ਜਾਂਦੇ ਸਨ ਪਰ ਹੁਣ ਵਿਆਹ ਵੱਡੇ ਉਮਰ ਹੋਣ ਤੇ ਹੀ ਕੀਤੇ ਜਾਂਦੇ ਹਨ। ਫੇਰਿਆਂ ਦੀ ਰਸਮ ਵਿੱਚ ਫੇਰੇ ਬ੍ਰਾਹਮਣ ਦੁਆਰਾ ਕਰਵਾਏ ਜਾਂਦੇ ਹਨ ਅਤੇ ਕੁਝ ਨਟ ਸਮੁਦਾਇ ਦੇ ਲੋਕ ਨਟ ਸਮੁਦਾਇ ਦੇ ਪੰਜ ਵਿਅਕਤੀਆਂ ਦੁਆਰਾ ਫੇਰਿਆਂ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਘੋੜੀ ਚੜ੍ਹਨ ਦੀ ਰਸਮ ਵਿੱਚ ਕੁਝ ਨਟ ਸਮੁਦਾਇ ਦੇ ਲੋਕ ਲਾੜੇ ਨੂੰ ਘੋੜੀ ਤੇ ਬਿਠਾਕੇ ਲੈ ਜਾਂਦੇ ਹਨ ਅਤੇ ਕੁਝ ਲੋਕ ਲਾੜੇ ਨੂੰ ਰੱਥ ਤੇ ਬਿਠਾਕੇ ਵਿਆਹ ਲਿਆਉਂਦੇ ਹਨ। ਪਹਿਲਾ ਸਿਰਫ਼ ਢੋਲ ਵਜਾਂਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਸਨ ਪਰ ਹੁਣ ਡੀ.ਜੇ ਆਦਿ ਲਗਾਉਣ ਲੱਗ ਪਏ ਹਨ। ਮੌਤ ਸੰਬੰਧੀ ਰਸਮਾਂ ਵਿੱਚ ਘੜਾ ਭੰਨਣ ਦੀ ਰਸਮ ਪਹਿਲਾ ਰਾਸਤੇ ਵਿੱਚ ਕੀਤੀ ਜਾਂਦੀ ਸੀ। ਪਰ ਹੁਣ ਸ਼ੀਵਿਆਂ ਵਿੱਚ ਜਾ ਕੇ ਹੀ ਘੜਾ ਭੰਨਣ ਦੀ ਰਸਮ ਪੂਰੀ ਕਰਦੇ ਹਨ। ਫੁੱਲ ਪਾਉਣ ਦੀ ਰਸਮ ਵਿੱਚ ਪਹਿਲਾ ਮ੍ਰਿਤਕ ਦੇ ਫੁੱਲ ਗੰਗਾ ਨਦੀ ਵਿੱਚ ਪਾ ਕੇ ਆਉਂਦੇ ਸਨ ਪਰ ਹੁਣ ਨਜ਼ਦੀਕ ਦੀ ਕੋਈ ਵੀ ਨਹਿਰ ਜਿਸ ਵਿੱਚ ਪਾਣੀ ਵਹਿੰਦਾ ਰਹਿੰਦਾ ਹੈ। ਉਸ ਵਿੱਚ ਜਲ ਪ੍ਰਵਾਹ ਕਰ ਦਿੰਦੇ ਹਨ। ਭੋਗ ਪਾਉਂਣ ਦੀ ਰਸਮ ਵਿੱਚ ਪਹਿਲਾ ਭੋਗ ਸਮੇਂ ਪੰਡਿਤ ਦੁਆਰਾ ਪਾਠ ਕਰਵਾਇਆ ਜਾਂਦਾ ਸੀ ਪਰ ਹੁਣ ਭੋਗ ਦੇ ਸਮੇਂ ਪੰਡਿਤ ਨੂੰ ਨਹੀਂ ਬੁਲਾਇਆ ਜਾਂਦਾ ਹੈ। ਹੁਣ ਸਿਰਫ ਪੰਡਿਤ ਫੁੱਲਾ ਦੇ ਦਿਨ ਹੀ ਬੁਲਾਇਆ ਜਾਂਦਾ ਹੈ। ਉਸ ਦਿਨ ਹੀ ਕੰਨਿਆ ਨੂੰ ਰੋਟੀ ਖੁਆਈ ਜਾਂਦੀ ਹੈ। ਕੁਝ ਲੋਕ 10 ਵੇਂ ਦਿਨ ਅਤੇ ਕੁਝ ਲੋਕ 13 ਵੇਂ ਦਿਨ ਭੋਗ ਪਾਉਣ ਦੀ ਰਸਮ ਕਰਨ ਲੱਗ ਪਏ ਹਨ।

**ਸਾਰ –** ਇਸ ਖੋਜ ਅਧਿਐਨ ਤੋਂ ਇਹ ਸਿੱਟੇ ਪ੍ਰਾਪਤ ਹੋਏ ਹਨ ਕਿ ਨਟ ਸਮੁਦਾਇ ਦੇ ਲੋਕ ਜਨਮ ਸੰਬੰਧੀ ਰੀਤੀ-ਰਿਵਾਜਾ ਵਿੱਚ ਸਭ ਤੋਂ ਪਹਿਲਾ ਦਾਈ-ਮਾਈ ਨੂੰ ਸੱਦਣ ਦੀ ਰਸਮ ਕਰਦੇ ਹਨ। ਉਸ ਤੋਂ ਬਾਅਦ ਲੜਕਾ ਪੈਦਾ ਹੋਣ ਤੇ ਢੋਲ ਵਜਾ ਕੇ ਅਤੇ ਲੜਕੀ ਪੈਦਾ ਹੋਣ ਤੇ ਥਾਲੀ ਜਾਂ ਪਰਾਤ ਵਜਾ ਕੇ ਪੂਰੇ ਮੁਹੱਲੇ ਨੂੰ ਜਨਮ ਬਾਰੇ ਸੂਚਨਾ ਦਿੱਤੀ ਜਾਂਦੀ ਹੈ ਅਤੇ ਘਰ ਦੇ ਬਾਹਰ ਨਿੰਬੂ ਅਤੇ ਹਰੇ ਪੱਤਿਆਂ ਦੀਆਂ ਟਾਹਣੀਆਂ ਲਟਕਾਉਂਦੇ ਹਨ। ਬੱਚੇ ਅਤੇ ਮਾਂ ਦੇ ਸਿਰਹਾਣੇ ਥੱਲੇ ਚਾਕੂ ਰੱਖਿਆ ਜਾਂਦਾ ਹੈ। ਇਹ ਲੋਕ ਨਟ ਭਗਤ ਤੋਂ ਧਾਗਾਂ ਤਵੀਤ ਵੀ ਬਣਵਾਉਂਦੇ ਹਨ। ਨਟ ਸਮੁਦਾਇ ਵਾਲੇ ਆਪਣੀ ਹੀ ਜਾਤ ਵਿੱਚ ਵਿਆਹ ਕਰਵਾਉਂਦੇ ਹਨ ਅਤੇ ਮਾਤਾ ਪਿਤਾ ਦੇ ਗੋਤਾਂ ਤੋਂ ਬਾਹਰ ਵਿਆਹ ਕਰਦੇ ਹਨ। ਵਿਆਹ ਰਸਮਾ ਵਿੱਚ ਦੇਖ ਦਿਖਾਈ ਦੀ ਰਸਮ, ਮੰਗਣੀ ਦੀ ਰਸਮ, ਮੰਡ੍ਹਾਂ ਬੰਨਣ ਦੀ ਰਸਮ, ਘੋੜੀ ਚੜ੍ਹਨ ਦੀ ਰਸਮ, ਮਿਲਣੀ ਦੀ ਰਸਮ, ਜੈ ਮਾਲਾ ਦੀ ਰਸਮ, ਫੇਰਿਆ ਦੀ ਰਸਮ, ਡੋਲੀ ਦੀ ਰਸਮ, ਮੱਥਾ ਟੇਕਣ ਦੀ ਰਸਮ ਅਤੇ ਅੰਤ ਵਿੱਚ ਕੋਨੇ ਧੋਣ ਦੀ ਰਸਮ ਕੀਤੀ ਜਾਂਦੀ ਹੈ।

ਮੌਤ ਸਬੰਧੀ ਰਸਮਾਂ ਵਿੱਚ ਜਦੋਂ ਵਿਅਕਤੀ ਮਰ ਜਾਂਦਾ ਹੈ ਤਾਂ ਉਮਰ ਦੇ ਹਿਸਾਬ ਨਾਲ ਹਾਰ ਸਿੰਗਾਰ ਕੀਤਾ ਜਾਂਦਾ ਹੈ। ਨਟ ਸਮੁਦਾਇ ਵਿੱਚ ਮ੍ਰਿਤਕ ਵਿਅਕਤੀ ਦਾ ਸੰਸਕਾਰ ਕੀਤਾ ਜਾਂਦਾ ਹੈ। ਸੰਸਕਾਰ ਕਰਨ ਵਾਲੇ ਦਿਨ ਮ੍ਰਿਤਕ ਦੇ ਪੁੱਤਰਾਂ ਨੂੰ ਗੰਜੇ ਹੋਣ ਦੀ ਰਸਮ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਤੀਜੇ ਦਿਨ ਫੁੱਲ ਚੁੰਗਣ ਦੀ ਰਸਮ ਕੀਤੀ ਜਾਂਦੀ ਹੈ। ਫੁੱਲਾ ਵਾਲੇ ਦਿਨ ਪੰਡਿਤ ਦੁਆਰਾ ਮ੍ਰਿਤਕ ਦੇ ਘਰ ਪਾਠ ਕਰਵਾਇਆ ਜਾਂਦਾ ਹੈ। ਅਤੇ 7 ਕੰਨਿਆਵਾਂ ਨੂੰ ਰੋਟੀ ਖੁਆਈ ਜਾਂਦੀ ਹੈ।

ਨਟ ਸਮੁਦਾਇ ਲੋਕਾ ਦੇ ਰੀਤੀ ਰਿਵਾਜਾ ਵਿੱਚ ਹੁਣ ਪਰਿਵਰਤਨ ਆ ਗਏ ਹਨ ਜਿਵੇਂ ਜਨਮ ਸੰਬੰਧੀ ਰੀਤੀ ਰਿਵਾਜਾ ਵਿੱਚ ਜਦੋਂ ਮਾਂ ਅਤੇ ਬੱਚੇ ਨੂੰ ਬਾਹਰ ਵਧਾਉਣ ਦੀ ਰਸਮ ਕੀਤੀ ਜਾਂਦੀ ਹੈ ਉਦੋਂ ਸੂਰਜ ਨੂੰ ਪਾਣੀ ਚੜਾਉਂਣ ਲਈ ਪਾਣੀ ਨੂੰ ਮਾਤਾ ਦੇ ਮੰਦਿਰ ਤੋਂ ਲੈ ਕੇ ਆਉਣ ਲੱਗ ਪਏ ਹਨ ਅਤੇ ਸਿਰ ਮੁਨਾਉਣ ਦੀ ਰਸਮ ਕਈ ਗੰਗਾ ਨਦੀ ਤੇ ਜਾ ਕੇ ਕਰਦੇ ਹਨ ਅਤੇ ਕਈ ਨੇੜੇ ਦੀ ਨਹਿਰ ਵਿੱਚ ਵਾਲਾ ਨੂੰ ਜਲ ਪ੍ਰਵਾਹ ਕਰਦੇ ਹਨ ਅਤੇ ਕਈ ਮਾਤਾ ਦੇ ਮੰਦਿਰ ਵਿੱਚ ਚੜ੍ਹਾ ਦਿੰਦੇ ਹਨ।

ਵਿਆਹ ਸਬੰਧੀ ਰਸਮ ਵਿੱਚ ਫੇਰੇ ਪੰਡਿਤ ਦੁਆਰਾ ਵੀ ਕਰਵਾਏ ਜਾਂਦੇ ਹਨ ਅਤੇ ਹੁਣ ਨਟ ਸਮੁਦਾਇ ਦੇ ਪੰਜ ਵਿਅਕਤੀਆਂ ਦੁਆਰਾ ਵੀ ਫੇਰਿਆਂ ਦੀ ਰਸਮ ਪੂਰੀ ਕੀਤੀ ਜਾਂਦੀ ਹੈ।

ਮੌਤ ਸਬੰਧੀ ਰਸਮਾ ਵਿੱਚ ਮ੍ਰਿਤਕ ਵਿਅਕਤੀ ਦੇ ਫੁੱਲ ਗੰਗਾ ਵਿੱਚ ਪਾ ਕੇ ਆਉਣ ਦੀ ਵਜਾਏਂ ਹੁਣ ਨਜ਼ਦੀਕ ਦੀ ਕੋਈ ਵੀ ਨਦੀ ਜਿਸ ਵਿੱਚ ਪਾਣੀ ਚਲਦਾ ਰਹਿੰਦਾ ਹੈ ਜਲ ਪ੍ਰਵਾਹ ਕਰਨ ਲੱਗ ਗਏ ਹਨ।

**References**


- ਮਜੁਮਦਾਰ, ਡੀ. ਐਨ. (ਅਨੁ. ਬਲਦੇਵ ਸਿੰਘ). 1975. *ਭਾਰਤੀ ਸੰਸਕ੍ਰਿਤੀ ਅਤੇ ਜਾਤੀਆਂ*. ਬੰਬਈ : ਪਬਲੀਕੇਸ਼ਨ ਹਾਊਸ.
- ਬੇਦੀ, ਸੋਹਿੰਦਰ ਸਿੰਘ ਵਣਜਾਰਾ. 2010. *'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼'*. ਦਿੱਲੀ : ਨੈਸ਼ਨਲ ਬੁੱਕ ਸ਼ਾਪ.
- ਬੱਦਨ, ਬਲਦੇਵ ਸਿੰਘ. 2004. *'ਸਟੂਡੈਂਟ ਨੈਸ਼ਨਲ ਪੰਜਾਬੀ ਕੋਸ'*. ਦਿੱਲੀ : ਨੈਸ਼ਨਲ ਬੁੱਕ ਸ਼ਾਪ.
- ਨਾਭਾ, ਭਾਈ ਕਾਨ੍ਹ ਸਿੰਘ. 2003. *'ਗੁਰਸ਼ਬਦ ਰਤਨਾਕਾਰ ਮਹਾਨ ਕੋਸ'*. ਪਟਿਆਲਾ: ਭਾਸ਼ਾ ਵਿਭਾਗ ਪੰਜਾਬ.
- ਦਰਿਆ, 1997. *'ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ'*. ਪਟਿਆਲਾ: ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ.
- ਤਿਆਗੀ, ਮੋਹਨ. 2014. *'ਪੰਜਾਬ ਦੇ ਖਾਂਨਾਬਦੋਸ਼ ਕਬੀਲੇ : ਸਭਿਆਚਾਰ ਅਤੇ ਲੋਕ ਜੀਵਨ'*. ਇੰਡੀਆਂ : ਨੈਸ਼ਨਲ ਬੁੱਕ ਟਰੱਸਟ.
- ਕਜਾਕ, ਕਿਰਪਾਲ. 2006. *'ਗਾਡੀ ਲੁਹਾਰ ਕਬੀਲੇ ਦਾ ਸੱਭਿਆਚਾਰ'*. ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ.
- www.punjabcensus.gov.in
- Singh, K. S. 1998. *'India's Communities : People of India'*, Vol. VI. Delhi Ox Ford University Press.

- Sharma, Savita. 1985. *'Changing Pattern of Marriage Customs in Brahmin Caste'* (Master's Dissereation) Punjabi University, Patiala.
- Kumar, Deepak. 2010. 'Nat' in a book edited by Birinder Pal Singh. 2010. *'Criminal' Tribes of Punjab : A Social - Anthropological Inquiry*'. New Delhi : Routledge.
- Kumar, Deepak. 2008. 'Nat' in a book edited by Birinder pal Singh. 2008. *'An Ethnogrphic Study of The Denotified and Nomadic Tribes of Punjab*'. Department of Sociology and Social Anthropology. Unpublished
- Ibbetson, Denzil and Rose. H. A. 1883, Rep - 1970. *'A Glossary of The Tribes and Castes of The Punjab and North West Frontier Province*', Vol. III. Patiala: Languages Department Punjab.